ਐਤਵਾਰ

dailylokbani

Email : lokbani08@gmail.com

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼
ਲੋਕ ਬਾਣੀ
ਐਤਵਾਰ, 20 ਮਾਰਚ 2022

# ਸਪੈਸ਼ਲ






# Shopping habits :



## ਤੁਸੀਂ ਇਨ੍ਹਾਂ ਉਪਾਵਾਂ ਨਾਲ ਖਰੀਦਦਾਰੀ ਦੀ ਆਦਤ ਨੂੰ ਕੰਟਰੋਲ ਕਰ ਸਕਦੇ ਹੋ ਤੇ ਤੁਸੀਂ ਹੋਰ ਪੈਸੇ ਬਚਾ ਸਕਦੇ ਹੋ

ਡਿਸਕਾਉਂਟ, ਸੇਲਜ਼ ਤੇ ਆਫਰ ਅਜਿਹੇ ਸ਼ਬਦ ਹਨ ਜੋ ਕੰਨਾਂ @ਚ ਪੈਂਦੇ ਹੀ ਖਰੀਦਦਾਰੀ ਦੀ ਲਾਲਸਾ ਨੂੰ ਵਧਾਉਣ ਦਾ ਕੰਮ ਕਰਦੇ ਹਨ। ਜਿਸ ਕਾਰਨ ਔਰਤਾਂ ਅਕਸਰ ਉਹ ਚੀਜ਼ਾਂ ਵੀ ਖ਼ਰੀਦ ਲੈਂਦੀਆਂ ਹਨ, ਜਿਨ੍ਹਾਂ ਦੀ ਉਨ੍ਹਾਂ ਨੂੰ ਜ਼ਰੂਰਤ ਵੀ ਨਹੀਂ ਹੁੰਦੀ। ਫਿਰ ਬਾਅਦ @ਚ ਪੈਸੇ ਬਰਬਾਦ ਕਰਨ ਦਾ ਪਛਤਾਵਾ ਹੁੰਦਾ ਹੈ। ਖ਼ਰੀਦਦਾਰੀ ਦੀ ਲਤ ਨੂੰ ਕਾਬੂ ਕਰਨਾ ਔਖਾ ਹੈ ਪਰ ਅਸੰਭਵ ਨਹੀਂ ਹੈ। ਔਰਤਾਂ ਲਈ ਇਹ ਇਕ ਤਰ੍ਹਾਂ ਦਾ ਤਣਾਅ ਭਰਿਆ ਕੰਮ ਹੁੰਦਾ ਹੈ ਪਰ ਇਸ ਮਾਮਲੇ @ਚ ਕਈ ਵਾਰ ਬਜਟ ਤੋਂ ਜ਼ਿਆਦਾ ਖ਼ਰੀਦਦਾਰੀ ਕੀਤੀ ਜਾਂਦੀ ਹੈ। ਤੁਸੀਂ ਆਪਣੀ ਇਸ ਆਦਤ ਨੂੰ ਕਿਵੇਂ ਕਾਬੂ ਕਰ ਸਕਦੇ ਹੋ, ਆਓ ਜਾਣਦੇ ਹਾਂ ਇਸ ਬਾਰੇ...

**1. ਨਿਵੇਸ਼ ਤੇ ਬੱਚਤ @ਤੇ ਧਿਆਨ ਦਿਓ**

ਬਚਤ ਤੇ ਨਿਵੇਸ਼ @ਚ ਆਪਣੀ ਅੱਧੀ ਤੋਂ ਵੱਧ ਤਨਖ਼ਾਹ ਦੀ ਵਰਤੋਂ ਕਰੋ। ਇਸ ਨਾਲ ਬੈਂਕ @ਚ ਸੀਮਤ ਪੈਸਾ ਰਹੇਗਾ। ਜੋ ਤੁਹਾਨੂੰ ਖ਼ਰਚ ਕਰਨ ਤੋਂ ਆਪਣੇ-ਆਪ ਬੰਦ ਕਰ ਦੇਵੇਗਾ। ਇਹ ਕੰਮ ਮਹੀਨੇ ਦੀ ਸ਼ੁਰੂਆਤ @ਚ ਹੀ ਕਰੋ। ਜ਼ਰੂਰੀ ਬਿੱਲਾਂ, ਘਰੇਲੂ ਚੀਜ਼ਾਂ ਤੇ ਕੰਮ ਲਈ ਪੈਸੇ ਕਢਵਾ ਕੇ ਬਾਕੀ ਬਚੇ ਸਾਰੇ ਪੈਸੇ ਨੂੰ ♥9♦, ਮਿਉਚੁਅਲ ਫੰਡ ਜਾਂ ਕਿਸੇ ਫਿਕਸਡ ਡਿਪਾਜ਼ਿਟ @ਚ ਪਾਓ।

**2. ਵਿਕਰੀ ਚੇਤਾਵਨੀਆਂ ਤੇ ਪ੍ਰਚਾਰ ਸੰਬੰਧੀ ਈਮੇਲਾਂ ਤੋਂ ਸੁਚੇਤ ਕਹੋ**

ਇਹ ਖ਼ਰੀਦਦਾਰੀ ਦੀ ਲਾਲਸਾ ਨੂੰ ਰੋਕਣ ਦਾ ਇੱਕ ਬਹੁਤ ਹੀ ਲਾਭਦਾਇਕ ਤਰੀਕਾ ਹੈ। ਇਨ੍ਹਾਂ ਮੇਲ ਤੇ ਅਲਰਟ ਦੇ ਜ਼ਰੀਏ ਵੈੱਬਸਾਈਟ @ਤੇ ਚੱਲ ਰਹੀ ਸੇਲ ਤੇ ਡਿਸਕਾਊਂਟ ਦੇ ਮੈਸੇਜ ਆਉਂਦੇ ਰਹਿੰਦੇ ਹਨ। ਜਿਸ ਤੋਂ ਬਾਅਦ ਵੈੱਬਸਾਈਟ ਨੂੰ ਖੋਲ੍ਹ ਕੇ ਕਿਸੇ ਚੀਜ਼ ਨੂੰ ਲਾਈਕ ਕਰਨਾ ਪੈਂਦਾ ਹੈ।

**3. ਕਿਸੇ ਸਾਥੀ ਨਾਲ ਚਰਚਾ ਕਰੋ**

ਇਹ ਵਿਚਾਰ ਕਈ ਵਾਰ ਕੰਮ ਕਰ ਸਕਦਾ ਹੈ ਜਾਂ ਨਹੀਂ ਵੀ ਹੋ ਸਕਦਾ ਹੈ। ਮਤਲਬ, ਜੇਕਰ ਤੁਹਾਡਾ ਪਾਰਟਨਰ ਵੀ ਬੱਚਤ ਨੂੰ ਲੈ ਕੇ ਜਾਣੂ ਹੈ ਤਾਂ ਪਰਿਭਾਸ਼ਾ ਦੇ ਹਿਸਾਬ ਨਾਲ ਉਹ ਤੁਹਾਨੂੰ ਬੇਲੋੜੀ ਖ਼ਰੀਦਦਾਰੀ ਕਰਨ ਤੋਂ ਰੋਕ ਦੇਣਗੇ ਪਰ ਜੇਕਰ ਉਹ ਖ਼ੁਦ ਸ਼ਾਪਿੰਗ ਫ੍ਰੀਕ ਹਨ ਤਾਂ ਇਹ ਵਿਚਾਰ ਉੱਥੇ ਕੰਮ ਨਹੀਂ ਕਰ ਸਕਦਾ ਪਰ ਜ਼ਿਆਦਾਤਰ ਮਾਮਲਿਆਂ @ਚ ਸਾਥੀ ਨਾਲ ਚਰਚਾ ਕਰਨਾ ਲਾਭਦਾਇਕ ਸਾਬਤ ਹੁੰਦਾ ਹੈ।

ਇਨ੍ਹਾਂ ਟਿਪਸ ਦੀ ਮਦਦ ਨਾਲ ਤੁਸੀਂ ਇਸ ਆਦਤ ਨੂੰ ਕਾਫੀ ਹੱਦ ਤਕ ਦੂਰ ਕਰ ਸਕਦੇ ਹੋ।






ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com ਐਤਵਾਰ, 20 ਮਾਰਚ 2022 ਮੁੱਖ ਸੰਪਾਦਕ :- ਅਮਨ ਮਹਿਰਾ (ਜਲੰਧਰ)

ਹਰ ਦਿਨ ਪਾਠਕਾਂ ਵੱਲੋਂ ਮਿਲ ਰਹੇ ਪਿਆਰ ਦਾ ਦਿਲੋਂ ਧੰਨਵਾਦ



ਮੁੱਖ ਸੰਪਾਦਕ

R.N.I. Punpun/29016/2008 ✲ ਸਾਲ : 14 ✲ ਅੰਕ : 380 ✲ ਮੁੱਲ : 2.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111




## ਜ਼ੇਲੈਂਸਕੀ ਦਾ ਵੱਡਾ ਬਿਆਨ ਰੂਸ ਨੂੰ ਇਹ ਜੰਗ ਦਾ ਖਮਿਆਜ਼ਾ ਬੁਰਾ ਭੁਗਤਨਾ ਪਵੇਗਾ

**ਲਵੀਵ/ਲੋਕ ਬਾਣੀ**

ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੇ ਸ਼ਨਿਚਰਵਾਰ ਨੂੰ ਕਿਹਾ ਕਿ ਰੂਸ ਦੀ ਸੈਨਾ ਦੇਸ਼ ਦੇ ਵੱਡੇ ਸ਼ਹਿਰਾਂ ਨੂੰ ਘੇਰ ਰਹੀ ਹੈ ਤੇ ਅਜਿਹੀ ਤਰਸਯੋਗ ਸਥਿਤੀ ਪੈਦਾ ਕੀਤੀ ਜਾ ਰਹੀ ਹੈ ਕਿ ਯੂਕਰੇਨ ਦੇ ਨਾਗਰਿਕਾਂ ਨੂੰ ਰੂਸੀ ਸੈਨਾ ਨਾਲ ਸਹਿਯੋਗ ਕਰਨਾ ਪਏ। ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਰੂਸ ਦੀ ਇਹ ਰਣਨੀਤੀ ਸਫਲ ਨਹੀਂ ਹੋਣ ਦਿੱਤੀ ਜਾਵੇਗੀ ਅਤੇ ਜੇਕਰ ਰੂਸ ਨੇ ਜੰਗ ਸਮਾਪਤ ਨਾ ਕੀਤੀ ਤਾਂ ਉਸ ਨੂੰ ਲੰਬੇ ਸਮੇਂ ਤਕ ਨੁਕਸਾਨ ਸਹਿਣਾ ਪਏਗਾ। ਉਨ੍ਹਾਂ ਨੇ ਕਰੈਮਲਿਨ (ਰੂਸ ਦਾ ਰਾਸ਼ਟਰਪਤੀ ਦਫ਼ਤਰ) 'ਤੇ ਜਾਣਬੁੱਝ ਕੇ ਮਨੁੱਖੀ ਸੰਕਟ ਪੈਦਾ ਕਰਨ ਦਾ ਦੋਸ਼ ਲਗਾਇਆ। ਸ੍ਰੀ ਜ਼ੇਲੈਂਸਕੀ ਨੇ ਵੀਡੀਓ ਸੁਨੇਹਾ ਜਾਰੀ ਕਰਦਿਆਂ ਕਿਹਾ ਕਿ ਇਹ ਇਕ ਸੋਚੀ ਸਮਝੀ ਚਾਲ ਹੈ। ਖੇਤਰੀ ਅਖੰਡਤਾ ਬਹਾਲੀ ਅਤੇ ਯੂਕਰੇਨ ਲਈ ਨਿਆਂ ਦਾ ਸਮਾਂ ਆ ਗਿਆ ਹੈ। ਅਜਿਹਾ ਨਾ ਕਰਨ 'ਤੇ ਰੂਸ ਨੂੰ ਭਾਰੀ ਕੀਮਤ ਚੁੱਕਾਉਣੀ ਪਏਗੀ ਜਿਸ ਨਾਲ ਉਹ ਕਈ ਪੀੜ੍ਹੀਆਂ ਤਕ ਉਭਰ ਨਹੀਂ ਸਕੇਗਾ।



## ਹੋਲਾ ਮੁਹੱਲਾ ਸ਼ਰਧਾਲੂਆਂ ਦੇ ਇਕਠ ਨਾਲ ਹੋਇਆ ਸੰਪੰਨ

**ਮੌਹਾਲੀ/ਰਕੇਸ਼ ਮਸੀਹ:-** ਹੋਲੇ-ਮਹੱਲੇ ਦੀ ਸੰਪੂਰਨਤਾ ਮੌਕੇ ਗੁਰੂ ਕੀਆਂ ਲਾਡਲੀਆਂ ਖ਼ਾਲਸਾਈ ਨਿਹੰਗ ਸਿੰਘ ਦਲ ਫ਼ੌਜਾਂ ਵਲੋਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ ਮੁਖੀ ਸਿੰਘ ਸਾਹਿਬ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ @ਚ ਇਤਿਹਾਸਕ ਅਸਥਾਨ ਗੁ ਸ਼ਹੀਦੀ ਬਾਗ ਤੋਂ ਪੁਰਾਤਨ ਰਵਾਇਤ ਮੁਤਾਬਿਕ ਮਹੱਲਾ ਸਜਾਇਆ ਗਿਆ। ਇਸ ਤੋਂ ਪਹਿਲਾਂ ਸਾਰੀਆਂ ਨਿਹੰਗ ਸਿੰਘ ਦਲ ਪੰਥਾਂ ਦੀਆਂ ਛਾਉਣੀਆਂ ਵਿਚ ਰੱਖੇ ਸ੍ਰੀ ਗੁਰੂ ? ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਅਤੇ ਸਰਬਲੋਹ ਗ੍ਰੰਥਾਂ ਦੇ ਅਖੰਡ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਗੁਰਬਾਣੀ ਦੇ ਮਨੋਹਰ ਕੀਰਤਨ ਹੋਏ।

## ਗਰਮੀ ਨੇ ਮਾਰਚ ਮਹੀਨੇ ਹੀ ਦਿਖਾਇਆ ਆਪਣਾ ਜਲਵਾ



**ਚੰਡੀਗੜ੍ਹ/ਲੋਕ ਬਾਣੀ**

ਉੱਤਰ ਭਾਰਤ ▾ਚ ਮੌਸਮ ਨੇ ਇੱਕ ਵਾਰ ਫ਼ਿਰ ਤੋਂ ਕਰਵਟ ਬਦਲੀ ਹੈ। ਕੜਾਕੇ ਦੀ ਠੰਢ ਤੋਂ ਬਾਅਦ ਹੁਣ ਗਰਮੀ ਨੇ ਬੇਹਾਲ ਕਰਕੇ ਰੱਖਿਆ ਹੋਇਆ ਹੈ। ਪੰਜਾਬ ਦੀ ਗੱਲ ਕੀਤੀ ਜਾਏ ਤਾਂ ਇੱਥੇ ਵੱਧ ਤੋਂ ਵੱਧ ਤਾਪਮਾਨ 35 ਡਿਗਰੀ ਸੈਲਸੀਅਸ (ਬਠਿੰਡਾ) ਦਰਜ ਕੀਤਾ ਗਿਆ, ਜਦਕਿ ਘੱਟੋ-ਘੱਟ ਤਾਪਮਾਨ 19.2 ਡਿਗਰੀ ਸੈਲਸੀਅਸ (ਬਠਿੰਡਾ) ਰਿਕਾਰਡ ਕੀਤਾ ਗਿਆ।ਦੇਖੋ ਆਪਣੇ ਸ਼ਹਿਰ ਦਾ ਤਾਪਮਾਨ: ਦੂਜੇ ਪਸੇ ਹਰਿਆਣਾ ਸੂਬੇ ਦੀ ਗੱਲ ਕੀਤੀ ਜਾਏ ਤਾਂ ਇੱਥੇ ਵੱਧ ਤੋਂ ਵੱਧ ਤਾਪਮਾਨ 38 ਡਿਗਰੀ ਸੈਲਸੀਅਸ (ਨਾਰਨੌਲ) ਦਰਜ ਕੀਤਾ ਗਿਆ, ਜਦਕਿ ਘੱਟੋ ਘੱਟ ਤਾਪਮਾਨ 17.4 ਡਿਗਰੀ ਸੈਲਸੀਅਸ (ਕਰਨਾਲ) ਰਿਕਾਰਡ ਕੀਤਾ ਗਿਆ। 38 ਡਿਗਰੀ ਨਾਲ ਹਰਿਆਣਾ 'ਚ ਗਰਮੀ ਨੇ ਸਾਰੇ ਰਿਕਾਰਡ ਤੋੜ ਦਿਤੇ ਹਨ। ਦੇਖੋ ਆਪਣੇ ਸ਼ਹਿਰ ਦਾ ਤਾਪਮਾਨ: ਬੁਰੀ ਖ਼ਬਰ ਇਹ ਹੈ ਕਿ ਅਗਲੇ ਇੱਕ ਹਫ਼ਤੇ ਤੱਕ ਇਸ ਗਰਮੀ ਤੋਂ ਰਾਹਤ ਮਿਲਣ ਦੀ ਕੋਈ ਆਸ ਨਹੀਂ ਹੈ।

## ਜਲੰਧਰ ਵਿੱਚ ਹੋਏ ਕਤਲ ਮਾਮਲੇ 'ਚ 4 ਕਾਬੂ

**ਜਲੰਧਰ/ਰਾਕੇਸ਼ਵਰਮਾ**



ਬੀਤੇ ਦਿਨੀਂ ਗੋਲ਼ੀਆਂ ਮਾਰ ਕੇ ਕਤਲ ਕੀਤੇ ਗਏ ਕੌਮਾਂਤਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦੇ ਕਤਲ ਮਾਮਲੇ @ਚ 4 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਸਨੋਵਰ ਢਿੱਲੋਂ ਸਮੇਤ ਤਿੰਨ ਮੁੱਖ ਸਾਜ਼ਿਸ਼ਕਾਰਾਂ 'ਤੇ ਵੀ ਹਮਲਾ ਦਰਜ ਕੀਤਾ ਹੈ, ਜੋ ਮੌਜੂਦਾ ਸਮੇਂ ਕੈਨੇਡਾ 'ਚ ਰਹਿ ਰਿਹਾ ਹੈ। ਬਾਕੀ ਦੋ ਸਾਜ਼ਿਸ਼ਕਰਤਾ ਕੈਨੇਡਾ ਅਤੇ ਮਲੇਸ਼ੀਆ 'ਚ ਰਹਿੰਦੇ ਹਨ।

## ਸ਼੍ਰੀ ਲੰਕਾ ਵਿੱਚ ਹੋਵੇਗਾ ਏਸ਼ੀਆ ਕੱਪ ਟੀ-20 ਕ੍ਰਿਕਟ ਟੂਰਨਾਮੈਂਟ

**ਦਿੱਲੀ/ਕਪੂਰ**



ਏਸ਼ੀਅਨ ਕ੍ਰਿਕਟ ਕੌਂਸਲ (ਏਸੀਸੀ) ਨੇ ਅੱਜ ਇਥੇ ਆਪਣੀ ਸਾਲਾਨਾ ਆਮ ਬੈਠਕ ਤੋਂ ਬਾਅਦ ਐਲਾਨ ਕੀਤਾ ਕਿ ਸ੍ਰੀਲੰਕਾ 27 ਅਗਸਤ ਤੋਂ 11 ਸਤੰਬਰ ਤੱਕ ਏਸ਼ੀਆ ਕੱਪ ਟੀ-20 ਟੂਰਨਾਮੈਂਟ ਦੀ ਮੇਜ਼ਬਾਨੀ ਕਰੇਗਾ। ਮਹਾਦੀਪ ਦੀਆਂ ਸਾਰੀਆਂ ਪੰਜ ਟੈਸਟ ਟੀਮਾਂ ਭਾਰਤ, ਪਾਕਿਸਤਾਨ, ਅਫ਼ਗਾਨਿਸਤਾਨ, ਬੰਗਲਾਦੇਸ਼ ਅਤੇ ਮੇਜ਼ਬਾਨ ਸ੍ਰੀਲੰਕਾ ਤੇ ਇੱਕ ਹੋਰ ਏਸ਼ਿਆਈ ਟੀਮ ਟੂਰਨਾਮੈਂਟ ਵਿੱਚ ਹਿੱਸਾ ਲੈਣਗੀਆਂ, ਜਿਸ ਦਾ ਫੈਸਲਾ 20 ਅਗਸਤ ਨੂੰ ਕੁਆਲੀਫਾਇਰ ਟੂਰਨਾਮੈਂਟ ਸ਼ੁਰੂ ਹੋਣ ਤੋਂ ਬਾਅਦ ਹੋਵੇਗਾ।

## ਕੋਰੋਨਾ ਦਾ stealth variant ਘਾਤਕ ਹੋ ਸਕਦਾ ਹੈ

**ਨਵੀਂ ਦਿੱਲੀ/ਲੋਕ ਬਾਣੀ**

ਦੁਨੀਆ ਦੇ ਕਈ ਦੇਸ਼ਾਂ ਵਿਚ ਜ਼ਿੰਦਗੀ ਆਮ ਵਾਂਗ ਹੋ ਰਹੀ ਹੈ, ਇਸ ਵਿਚਕਾਰ ਕੋਰੋਨਾ ਵਾਇਰਸ ਕਾਰਨ ਲਾਈਆਂ ਗਈਆਂ ਪਾਬੰਦੀਆਂ ਤੋਂ ਰਾਹਤ ਮਿਲੀ ਹੈ, ਉਥੇ ਹੀ ਏਸ਼ੀਆ ਵਿਚ ਇਨਫੈਕਸ਼ਨ ਦੇ ਮਾਮਲੇ ਫਿਰ ਤੋਂ ਵਧਣੇ ਸ਼ੁਰੂ ਹੋ ਗਏ ਹਨ ਅਤੇ ਜੇਕਰ ਸਾਵਧਾਨੀ ਨਾ ਵਰਤੀ ਗਈ ਤਾਂ ਸੰਭਵ ਹੈ ਕਿ ਛੇਤੀ ਹੀ ਦੁਨੀਆ ਵਿਚ



ਕੋਵਿਡ ਦੀ ਨਵੀਂ ਲਹਿਰ ਵੇਖਣ ਨੂੰ ਮਿਲੇਗੀ। ਵਰਲਡ ਹੈਲਥ ਆਰਗੇਨਾਈਜ਼ੇਸ਼ਨ (WHO) ਦੇ ਨਾਲ-ਨਾਲ ਕਈ ਵਿਗਿਆਨੀ ਵੀ ਇਸ ਬਾਰੇ ਪਹਿਲਾਂ ਚੇਤਾਵਨੀ ਦਿੰਦੇ ਰਹੇ ਹਨ। ਚੀਨ ਵਿਚ Omicron ਸਵਰੂਪ ਦਾ ਹਿੱਸਾ 21.2 ਨੇ ਆਪਣਾ ਪ੍ਰਭਾਵ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ। ਜਿਲਿਨ ਅਤੇ ਸ਼ੇਨਜ਼ੇਨ ਸਮੇਤ ਕਈ ਸ਼ਹਿਰਾਂ ਵਿੱਚ ਕੇਸ ਵਧਣ ਕਾਰਨ ਲੌਕਡਾਊਨ ਲਗਾਇਆ ਗਿਆ ਹੈ।

## ਕੋਰੋਨਾ ਕੇਸਾਂ ਚ ਲਗਾਤਾਰ ਵਾਧਾ ਹੋ ਰਿਹਾ ਹੈ ਹਾਂਗਕਾਂਗ ਵਿੱਚ

**ਹਾਂਗਕਾਂਗ/ਲੋਕ ਬਾਣੀ**

ਕੋਰੋਨਾ ਦੀ ਭਿਆਨਕ ਲਹਿਰ ਦਾ ਸਾਹਮਣਾ ਕਰ ਰਹੇ ਹਾਂਗਕਾਂਗ @ਚ ਕੋਰੋਨਾ ਵਾਇਰਸ ਨਾਲ ਇਨਫੈਕਟਿਡ ਹੋਣ ਵਾਲੇ ਲੋਕਾਂ ਦੀ ਕੁੱਲ ਗਿਣਤੀ 10 ਲੱਖ ਦੇ ਪਾਰ ਹੋ ਗਈ ਹੈ। ਮਹਾਮਾਰੀ ਦੀ ਇਸ ਲਹਿਰ @ਚ ਚੀਨ ਨਾਲੋਂ ਹਾਂਗਕਾਂਗ @ਚ ਜ਼ਿਆਦਾ ਲੋਕਾਂ ਦੀ ਮੌਤ ਹੋਈ ਹੈ। ਹਾਂਗਕਾਂਗ ਦੇ ਸਹਿਤ ਅਧਿਕਾਰੀਆਂ ਮੁਤਾਬਕ ਸ਼ੁੱਕਰਵਾਰ ਨੂੰ ਇਨਫੈਕਸ਼ਨ ਦੇ 20,079 ਨਵੇਂ ਮਾਮਲੇ ਸਾਹਮਣੇ ਆਏ।

## ਜੰਡਿਆਲਾ ਤੋਂ ਪੱਤਰਕਾਰ ਦੀ ਨਿਯੁਕਤੀ



ਰੋਜ਼ਾਨਾ ਲੋਕ ਬਾਣੀ ਅਖਬਾਰ ਵੱਲੋਂ ਜਸਪਾਲ ਸ਼ਰਮਾ ਨੂੰ ਜੰਡਿਆਲਾ ਤੋਂ ਪੱਤਰਕਾਰ ਨਿਯੁਕਤ ਕੀਤਾ ਜਾਂਦਾ ਹੈ । ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ । ਮੋ:- 9417083270

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਮਹਿੰਗਾਈ ਵਧੇਗੀ, ਜਨਤਾ ਦੀ ਰੱਖਿਆ ਲਈ ਸਰਕਾਰ ਨੂੰ ਕਦਮ ਚੁਕਣੇ ਚਾਹੀਦੇ ਹਨ : ਰਾਹੁਲ ਗਾਂਧੀ



**ਨਵੀਂ ਦਿੱਲੀ/ਲੋਕ ਬਾਣੀ**

ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਸ਼ਨੀਵਾਰ ਨੂੰ ਕਿਹਾ ਕਿ ਮਹਿੰਗਾਈ ਹਾਲੇ ਹੋਰ ਵਧੇਗੀ, ਨਾਲ ਹੀ ਉਨ੍ਹਾਂ ਨੇ ਸਰਕਾਰ ਨੂੰ ਦੇਸ਼ ਦੀ ਜਨਤਾ ਦੀ ਰੱਖਿਆ ਲਈ ਕਦਮ ਚੁੱਕਣ ਦੀ ਅਪੀਲ ਕੀਤੀ। ਰਾਹੁਲ ਨੇ ਕਿਹਾ ਕਿ ਰੂਸ-ਯੂਕ੍ਰੇਨ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ ਕੀਮਤਾਂ @ਚ ਰਿਕਾਰਡ ਵਾਧੇ ਨੇ ਗਰੀਬਾਂ ਅਤੇ ਮੱਧਮ ਵਰਗ ਨੂੰ ਕੁਚਲ ਦਿੱਤਾ ਸੀ। ਉਨ੍ਹਾਂ ਕਿਹਾ,@@ਇਹ (ਮਹਿੰਗਾਈ) ਹੋਰ ਵਧੇਗੀ, ਕਿਉਂਕਿ ਕੱਚੇ ਤੇਲ ਦੀ ਕੀਮਤ ਪ੍ਰਤੀ ਬੈਰਲ 100 ਡਾਲਰ ਤੋਂ ਵਧ ਹੈ, ਖਾਧ ਕੀਮਤਾਂ @ਚ 22 ਫੀਸਦੀ ਦੇ ਵਾਧੇ ਦੀ ਉਮੀਦ ਹੈ। ਕੋਰੋਨਾ ਦੇ ਗਲੋਬਲ ਸਪਲਾਈ ਲੜੀ ਨੂੰ ਰੋਕਿਆ ਹੈ।@@

ਸਾਬਕਾ ਕਾਂਗਰਸ ਮੁਖੀ ਨੇ ਕਿਹਾ ਕਿ ਭਾਰਤ ਸਰਕਾਰ ਨੂੰ ਹੁਣ ਕਰਵਾਈ ਕਰਨੀ ਚਾਹੀਦੀ ਹੈ ਅਤੇ ਲੋਕਾਂ ਦੀ ਰੱਖਿਆ ਕਰਨੀ ਚਾਹੀਦੀ ਹੈ। ਸਰਕਾਰ ਨੇ ਸੋਮਵਾਰ ਨੂੰ ਜੋ ਅੰਕੜਾ ਜਾਰੀ ਕੀਤਾ ਹੈ, ਉਸ ਅਨੁਸਾਰ ਕੱਚੇ ਤੇਲ ਅਤੇ ਗੈਰ-ਖਾਧ ਵਸਤੂਆਂ ਦੀ ਕੀਮਤਾਂ @ਚ ਵਾਧਾ ਹੋਣ ਨਾਲ ਪਰਚੂਨ ਮਹਿੰਗਾਈ ਫਰਵਰੀ @ਚ 8 ਮਹੀਨੇ ਦੇ ਉੱਚ ਪੱਧਰ 6.07 ਫੀਸਦੀ @ਤੇ ਪਹੁੰਚ ਗਈ। ਇਸ ਦੌਰਾਨ ਥੋਕ ਮੁੱਲ ਆਧਾਰਤ ਮਹਿੰਗਾਈ ਵਧ ਕੇ 13.11 ਫੀਸਦੀ ਹੋ ਗਈ। ਯੂਕ੍ਰੇਨ @ਤੇ 24 ਫਰਵਰੀ ਨੂੰ ਰੂਸੀ ਹਮਲੇ ਤੋਂ ਬਾਅਦ ਕੱਚੇ ਤੇਲ ਅਤੇ ਕੁਦਰਤੀ ਗੈਸ ਦੀਆਂ ਕੀਮਤਾਂ @ਚ ਵਾਧੇ ਨੇ ਥੋਕ ਮੁੱਲ ਸੂਚਕਾਂਕ @ਤੇ ਉਲਟ ਅਸਰ ਪਾਇਆ ਹੈ।

## ਸੀ.ਬੀ.ਐੱਸ.ਈ. ਦੇ 12ਵੀਂ ਜਮਾਤ ਭਾਗ 1 ਦੇ ਨਤੀਜੇ ਸਕੂਲਾਂ ਨੂੰ ਭੇਜਣੇ ਕੀਤੇ ਸ਼ੁਰੂ

**ਨਵੀਂ ਦਿੱਲੀ/ਲੋਕ ਬਾਣੀ:-** ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ (ਸੀ.ਬੀ.ਐੱਸ.ਈ.) ਨੇ 12ਵੀਂ ਜਮਾਤ, ਭਾਗ 1 ਦੇ ਨਤੀਜੇ ਸਕੂਲਾਂ ਨੂੰ ਭੇਜਣੇ ਸ਼ੁਰੂ ਕਰ ਦਿੱਤੇ ਹਨ।

## ਸੰਘਣੀ ਆਬਾਦੀ ’ਚ ਔਰਤ ਦਾ ਭੇਤਭਰੇ ਹਾਲਾਤ ’ਚ ਹੋਇਆ ਕਤਲ

**ਸਮਰਾਲਾ/ਲੋਕ ਬਾਣੀ:-** ਸ਼ਹਿਰ ਦੀ ਸੰਘਣੀ ਆਬਾਦੀ ਵਾਲੇ ਮੁਹੱਲੇ ਡੱਬੀ ਬਾਜ਼ਾਰ ਦੇ ਵਾਰਡ ਨੰ. 4 @ਚ ਬੀਤੀ ਰਾਤ ਇਕ ਵਿਆਹੁਤਾ ਔਰਤ ਦਾ ਭੇਤਭਰੇ ਹਾਲਾਤ @ਚ ਕਤਲ ਕਰ ਦਿੱਤਾ ਗਿਆ। ਇਸ ਘਟਨਾ ਸੰਬੰਧੀ ਵਾਰਡ ਦੇ ਕੌਂਸਲਰ ਸੰਨੀ ਦੂਆ ਵਲੋਂ ਪੁਲਿਸ ਨੂੰ ਸੂਚਿਤ ਕੀਤਾ ਗਿਆ ਕਿ ਉਨ੍ਹਾਂ ਦੇ ਵਾਰਡ @ਚ ਕਿਰਾਏ ਦੇ ਮਕਾਨ @ਚ ਰਹਿਣ ਵਾਲੀ ਔਰਤ ਮ੍ਰਿਤਕ ਹਾਲਤ ਵਿਚ ਪਈ ਹੈ। ਇਤਲਾਹ ਮਿਲਣ @ਤੇ ਥਾਣਾ ਸਮਰਾਲਾ ਦੇ ਡੀ.ਐੱਸ.ਪੀ ਹਰਵਿੰਦਰ ਸਿੰਘ ਖਹਿਰਾ ਪੁਲਿਸ ਪਾਰਟੀ ਸਮੇਤ ਪੁੱਜੇ ਅਤੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ।

## ਅੱਜ ਦਾ ਵਿਚਾਰ

ਸਮੇਂ ਮੁਤਾਬਕ ਤਕਦੀਰ ਬਦਲਦੀ
ਅਸੀਂ ਮਾੜੇ ਹਾਂ ਸਾਨੂੰ ਇਸ ਦਾ ਕੋਈ ਗ਼ਮ ਨਹੀਂ
ਕਿਉਂਕਿ ਅਸੀਂ ਮਾੜੇ ਵਕਤ ਵਿੱਚ ਖੜ ੍ਹਨ ਵਾਲੇ ਹਾਂ,
ਜਦੋਂ ਲੋਕਾਂ ਨੇ ਪਰਛਾਵਿਆਂ ਤੱਕ ਕੇ ਮੂੰਹ ਮੋੜ ਲਏ ਆਪਣਿਆਂ ਨੇ,
ਅਸੀਂ ਅੱਜ ਵੀ ਉਸੇ ਸਰਦਾਰੀ ਵਿਚ ਚੱਟਾਨ ਵਾਂਗ ਖੜ੍ਹੇ ਹਾਂ
ਜਿੱਥੇ ਅਸੀਂ ਪਹਿਲਾਂ ਖੜੇ ਸੀ ਅਸੀਂ ਅੱਜ ਵੀ ਉਥੇ ਖੜ੍ਹੇ ਹਾਂ
(ਪ੍ਰਧਾਨ ਵਾਹਿਗੁਰੂ ਸਿੰਘ ਕਾਬਲਵਾਲਾ)



**(ਪੱਤਰਕਾਰ ਜਸਵਿੰਦਰ ਸਿੰਘ ਬਰਾੜ ਸਾਧਾਂਵਾਲਾ)**
**ਸੰਪਰਕ**
**9517660002**

# ਕਰਨਾਟਕ ’ਚ ਬੱਸ ਪਲਟਣ ਨਾਲ 8 ਲੋਕਾਂ ਦੀ ਮੌਤ, 25 ਗੰਭੀਰ ਜ਼ਖਮੀ

**ਬੈਂਗਲੁਰੂ/ਲੋਕ ਬਾਣੀ:-** ਕਰਨਾਟਕ ਦੇ ਤੁਮਕੁਰ ਜ਼ਿਲ੍ਹੇ @ਚ ਸ਼ਨੀਵਾਰ ਨੂੰ ਇਕ ਨਿੱਜੀ ਬੱਸ ਪਲਟ ਗਈ। ਇਸ ਹਾਦਸੇ @ਚ 8 ਲੋਕਾਂ ਦੀ ਮੌਤ ਹੋ ਗਈ ਅਤੇ 25 ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਏ। ਪੁਲਸ ਅਨੁਸਾਰ ਕਈ ਲੋਕਾਂ ਨੂੰ ਗੰਭੀਰ ਸੱਟਾਂ ਲੱਗੀਆਂ ਹਨ ਅਤੇ ਉਹ ਹਸਪਤਾਲ @ਚ ਜੀਵਨ ਲਈ ਸੰਘਰਸ਼ ਕਰ ਰਹੇ ਹਨ। ਸ਼ੁਰੂਆਤੀ ਜਾਂਚ @ਚ ਡਰਾਈਵਰ ਦੇ ਲਾਪਰਵਾਹੀ ਨਾਲ ਵਾਹਨ ਚਲਾਉਣ ਦੀ ਗੱਲ ਸਾਹਮਣੇ ਆਈ ਹੈ। ਜਿਸ ਕਾਰਨ ਇਹ ਹਾਦਸਾ ਹੋਇਆ। ਪੁਲਸ ਅਨੁਸਾਰ ਐੱਸ.ਵੀ.ਟੀ. ਟਰੈਵਲਜ਼ ਦੀ ਬੱਸ @ਚ 60 ਤੋਂ ਵਧ ਯਾਤਰੀ ਸਵਾਰ ਸਨ। ਮ੍ਰਿਤਕਾਂ ਦੀਆਂ ਲਾਸ਼ਾਂ ਸੜਕ @ਤੇ ਬਿਖਰੀਆਂ ਪਈਆਂ ਸਨ।



# ਘਰ ’ਚ ਲੱਗਾ ਗੀਜ਼ਰ ਬਣਿਆ ਮੌਤ ਦਾ ਕਾਰਨ, ਪਤੀ-ਪਤਨੀ ਦੀ ਹੋਈ ਮੌਤ

**ਕਰਨਾਲ/ਲੋਕ ਬਾਣੀ**

ਇਕ ਪਾਸੇ ਜਿੱਥੇ ਲੋਕ ਹੋਲੀ ਦੀਆਂ ਖੁਸ਼ੀਆਂ ਮਨਾਉਣ ’ਚ ਮਗਨ ਸਨ ਉੱਥੇ ਹੀ ਦੂਜੇ ਪਾਸੇ ਇਕ ਪਰਿਵਾਰ ’ਚ ਸੋਗ ਦੀ ਲਹਿਰ ਛਾ ਗਈ ਕਿਉਂਕਿ ਇੱਥੇ ਇਕ ਜੋੜੇ ਦੀ ਘਰ ’ਚ ਲੱਗੇ ਗੈਸ ਗੀਜ਼ਰ ਕਾਰਨ ਮੌਤ ਹੋ ਗਈ। ਦਰਅਸਲ, 27 ਸਾਲਾ ਗੌਰਵ ਆਪਣੀ ਪਤਨੀ ਸ਼ਿਲਪੀ ਨਾਲ ਹੋਲੀ ਦਾ ਤਿਉਹਾਰ ਮਨਾ ਕੇ ਆਪਣੇ ਘਰ ਪਰਤਿਆ ਸੀ। ਹੋਲੀ ’ਤੇ ਲੱਗਾ ਰੰਗ ਉਤਾਰਨ ਲਈ ਪਤੀ-ਪਤਨੀ ਦੋਵੇਂ ਬਾਥਰੂਮ ’ਚ ਨਹਾਉਣ ਲਈ ਚਲੇ ਗਏ।



ਇਸੇ ਦੌਰਾਨ ਬਾਥਰੂਮ ’ਚ ਲੱਗੇ ਗੈਸ ਗੀਜ਼ਰ ’ਚੋਂ ਗੈਸ ਲੀਕ ਹੋਣ ਕਾਰਨ ਦੋਵੇਂ ਉੱਥੇ ਹੀ ਬੇਹੋਸ਼ ਹੋ ਗਏ। ਬਾਥਰੂਮ ’ਚ ਹੋਈ ਗੌਰਵ ਅਤੇ ਸ਼ਿਲਪੀ ਨਾਲ ਇਸ ਘਟਨਾ ਬਾਰੇ ਪਰਿਵਾਰ ਵਾਲਿਆਂ ਨੂੰ ਕੋਈ ਭਿਣਕ ਨਹੀਂ ਲੱਗੀ। ਕਰੀਬ 2 ਘੰਟਿਆਂ ਬਾਅਦ ਜਦੋਂ ਗੌਰਵ ਦੇ ਪਰਿਵਾਰ ਵਾਲਿਆਂ ਨੇ ਬਾਥਰੂਮ ’ਚ ਵੇਖਿਆ ਤਾਂ ਉਨ੍ਹਾਂ ਦੇ ਹੋਸ਼ ਉਡ ਗਏ। ਹਫੜਾ-ਦਫੜੀ ’ਚ ਪਤੀ-ਪਤਨੀ ਨੂੰ ਬੇਹੋਸ਼ੀ ਦੀ ਹਾਲਤ ’ਚ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਤਿਉਹਾਰ ਵਾਲੇ ਦਿਨ ਹੋਈ ਇਸ ਘਟਨਾ ਤੋਂ ਬਾਅਦ ਪਰਿਵਾਰ ਦੀਆਂ ਖੁਸ਼ੀਆਂ ਮਾਤਮ ’ਚ ਬਦਲ ਗਈਆਂ। 26 ਸਾਲਾ ਗੌਰਵ ਅਤੇ 25 ਸਾਲਾ ਸ਼ਿਲਪੀ ਦਾ ਵਿਆਹ ਕਰੀਬ 3 ਸਾਲ ਪਹਿਲਾਂ ਹੋਇਆ ਸੀ। ਹੋਲੀ ਮੌਕੇ ਗੌਰਵ ਆਪਣੀ ਪਤਨੀ ਨੂੰ ਲੈ ਕੇ ਸਹੁਰੇ ਗਿਆ ਸੀ। ਉੱਥੇ ਹੋਲੀ ਮਨਾਉਣ ਤੋਂ ਬਾਅਦ ਦੁਪਹਿਰ ਨੂੰ ਉਹ ਦੋਵੇਂ ਵਾਪਸ ਘਰ ਆਏ ਸਨ। ਪਤੀ-ਪਤਨੀ ਦੀ ਮੌਤ ਦੀ ਸੂਚਨਾ ਮਿਲਣ ਤੋਂ ਬਾਅਦ ਮੌਕੇ ’ਤੇ ਪਹੁੰਚੀ ਪੁਲਸ ਨੇ ਦੋਵਾਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ।

# ਹੋਲੀ ਦੇ ਦਿਨ ਦਰਦਨਾਕ ਹਾਦਸਾ, ਤਿਉਹਾਰ ਤੋਂ ਬਾਅਦ ਤਾਲਾਬ ’ਚ ਨਹਾਉਣ ਗਏ 4 ਬੱਚੇ ਡੁੱਬੇ

**ਪਲਵਲ/ਲੋਕ ਬਾਣੀ:-** ਪਲਵਲ ਦੇ ਇਕ ਪਿੰਡ @ਚ ਹੋਲੀ ਦੇ ਤਿਉਹਾਰ ਤੋਂ ਬਾਅਦ ਨਹਾਉਣ ਗਏ 4 ਬੱਚੇ ਤਾਲਾਬ @ਚ ਡੁੱਬ ਗਏ। ਪੁਲਸ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਭਿਡੁਕੀ ਪਿੰਡ ਦੇ ਹਰਸ਼ਿਤ (14), ਨਮਨ (12), ਭੋਲਾ (13) ਅਤੇ ਰਾਜ (15) ਸ਼ੁੱਕਰਵਾਰ ਸ਼ਾਮ ਉੱਥੋਂ ਦੇ ਸਿੱਧ ਬਾਬਾ ਮੰਦਰ @ਚ ਹੋਲੀ @ਚ ਆਯੋਜਿਤ ਮੇਲਾ ਦੇਖਣ ਤੋਂ ਬਾਅਦ ਤਾਲਾਬ @ਤੇ ਗਏ ਸਨ।



ਪੁਲਸ ਨੇ ਦੱਸਿਆ ਕਿ ਮਦਦ ਲਈ ਬੱਚਿਆਂ ਦੀ ਚੀਕ ਸੁਣ ਕੇ ਇਲਾਕੇ ਦੇ ਲੋਕਾਂ ਨੇ ਉਨ੍ਹਾਂ ਨੂੰ ਪਾਣੀ @ਚੋਂ ਬਾਹਰ ਕੱਢਿਆ ਪਰ ਉਦੋਂ ਤੱਕ ਇਕ ਮੁੰਡੇ ਦੀ ਮੌਤ ਹੋ ਚੁਕੀ ਸੀ, ਹੋਰ ਤਿੰਨ ਦੀ ਬਾਅਦ @ਚ ਇਕ ਹਸਪਤਾਲ @ਚ ਮੌਤ ਹੋ ਗਈ। ਹੋਡਲ ਦੇ ਪੁਲਸ ਡਿਪਟੀ ਸੁਪਰਡੈਂਟ ਸੱਜਨ ਸਿੰਘ ਨੇ ਦੱਸਿਆ ਕਿ ਪੋਸਟਮਾਰਟਮ ਤੋਂ ਬਾਅਦ ਉਨ੍ਹਾਂ ਦੀਆਂ ਲਾਸ਼ਾਂ ਪਰਿਵਾਰ ਵਾਲਿਆਂ ਨੂੰ ਸੌਂਪ ਦਿੱਤੀਆਂ ਗਈਆਂ।

# ਕੇਂਦਰ ਵਲੋਂ ਹਿਮਾਚਲ ਪ੍ਰਦੇਸ਼ ’ਚ ਫੋਰਲੇਨ ਨਿਰਮਾਣ ਲਈ 696 ਕਰੋੜ ਰੁਪਏ ਮਨਜ਼ੂਰ

**ਸ਼ਿਮਲਾ/ਲੋਕ ਬਾਣੀ**

ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਜ਼ਿਲ੍ਹੇ @ਚ ਰਾਸ਼ਟਰੀ ਰਾਜਮਾਰਗ 154 ਮੰਡੀ-ਪਠਾਨਕੋਟ ਫੋਰਲੇਨ ਨਿਰਮਾਣ ਲਈ ਕੇਂਦਰ ਸਰਕਾਰ ਨੇ 696 ਕਰੋੜ ਰੁਪਏ ਦੇ ਬਜਟ ਪ੍ਰਬੰਧ ਨੂੰ ਮਨਜ਼ੂਰੀ ਦਿੱਤੀ ਹੈ। ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਟਵੀਟ ਕਰ ਕੇ ਇਸ ਦੀ ਜਾਣਕਾਰੀ ਦਿੱਤੀ। ਇਸ ਨਾਲ ਸਿਹੁਨੀ ਤੋਂ ਰਾਜੋਲ ਤੱਕ ਫੋਰਲੇਨ ਨਿਰਮਾਣ, ਪੁਨਰਵਾਸ ਅਤੇ ਅਪਗ੍ਰੇਡੇਸ਼ਨ ਲਈ 696.65 ਕਰੋੜ ਰੁਪਏ ਦੇ ਬਜਟ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਬਜਟ ਨਾਲ ਫੋਰਲੇਨ ਦਾ ਨਿਰਮਾਣ ਕੰਮ ਅਤੇ ਪ੍ਰਭਾਵਿਤਾਂ ਨੂੰ ਦਿੱਤੀ ਜਾਣ ਵਾਲੀ ਮੁਆਵਜ਼ਾ ਰਾਸ਼ੀ ਦਾ ਪ੍ਰਬੰਧ ਕੀਤਾ ਜਾਵੇਗਾ। ਸ਼ਾਹਪੁਰ ਖੇਤਰ @ਚ ਵੀ ਸੈਂਕੜੇ ਲੋਕ ਫੋਰਲੇਨ ਅਧੀਨ ਆ ਰਹੇ ਹਨ। ਜਾਣਕਾਰੀ ਅਨੁਸਾਰ ਫੋਰਲੇਨ ਦੇ ਪਹਿਲੇ ਪੜਾਅ ਦਾ ਕੰਮ ਕੰਡਵਾਲ ਤੋਂ ਲੈ ਕੇ ਸਿਹੁਨੀ ਤੱਕ ਚੱਲ ਰਿਹਾ ਹੈ। ਦੂਜੇ ਪੜਾਅ @ਚ ਹੁਣ ਸਿਹੁਨੀ ਤੋਂ ਰਾਜੋਲ ਤੱਕ ਕਰੀਬ 10 ਤੋਂ 12 ਕਿਲੋਮੀਟਰ ਦੇ ਸਲੈਬ ਦੇ ਨਿਰਮਾਣ ਕੰਮ ਵੀ ਹੁਣ ਸ਼ੁਰੂ ਹੋ ਜਾਵੇਗਾ। ਦੱਸਣਯੋਗ ਹੈ ਕਿ ਕੰਡਵਾਲ ਤੋਂ ਸਿਹੁਨੀ ਤੱਕ ਫੋਰਲੇਨ ਦੇ ਨਿਰਮਾਣ ਦੇ ਅਧੀਨ ਕਰੀਬ 750 ਇਮਾਰਤਾਂ ਆ ਰਹੀਆਂ ਹਨ। ਇਸ ਤੋਂ ਇਲਾਵਾ ਲੋਕਾਂ ਦੀਆਂ ਜ਼ਮੀਨਾਂ ਵੀ ਹਨ। ਪ੍ਰਸ਼ਾਸਨ ਵਲੋਂ ਪ੍ਰਭਾਵਿਤਾਂ ਨੂੰ ਮੁਆਵਜ਼ਾ ਰਾਸ਼ੀ ਦਿੱਤੀ ਜਾ ਰਹੀ ਹੈ। ਇਸ ਨਾਲ ਪਠਾਨਕੋਟ-ਮੰਡੀ ਰਾਸ਼ਟਰੀ ਰਾਜਮਾਰਗ @ਤੇ ਬਣਨ ਵਾਲੇ ਫੋਰਲੇਨ ਨੂੰ ਲੈ ਕੇ ਪ੍ਰਸ਼ਾਸਨ ਵਲੋਂ ਜ਼ਮੀਨ ਐਕਵਾਇਰ ਦੇ ਕੰਮ @ਚ ਤੇਜ਼ੀ ਲਿਆਂਦੀ ਗਈ ਹੈ, ਜਿਸ ਨਾਲ ਇਸ ਫੋਰਲੇਨ ਦੇ ਨਿਰਮਾਣ ਦਾ ਮਾਰਗ ਪੱਕਾ ਹੋ ਰਿਹਾ ਹੈ। ਨੂਰਪੁਰ ਪ੍ਰਸ਼ਾਸਨ ਨੇ ਹੁਣ ਤੱਕ ਫੋਰਲੇਨ ਨਿਰਮਾਣ ਲਈ ਐਕਵਾਇਰ ਕੀਤੀ ਗਈ ਜ਼ਮੀਨ ਦੇ ਮੁਆਵਜ਼ੇ ਦੀ ਕੁੱਲ 144 ਕਰੋੜ ਰੁਪਏ ਦੀ ਰਾਸ਼ੀ @ਚੋਂ ਹੁਣ ਤੱਕ 121 ਕਰੋੜ ਰੁਪਏ ਦੀ ਮੁਆਵਜ਼ਾ ਰਾਸ਼ੀ ਫੋਰਲੇਨ ਪ੍ਰਭਾਵਿਤਾਂ ਨੂੰ ਵੰਡ ਦਿੱਤੀ ਹੈ। ਇਸ ਤੋਂ ਇਲਾਵਾ ਬਾਕੀਆਂ ਨੂੰ ਮੁਆਵਜ਼ਾ ਰਾਸ਼ੀ ਦੇਣ ਦੀ ਪ੍ਰਕਿਰਿਆ ਜਾਰੀ ਹੈ।






ਕਾਰਤੀਕ ਬਰਾਰ



ਗੁਰਦਾਸਪੁਰ ਚ ਬੱਚਿਆਂ ਨੇ ਇਕ ਦੂਜੇ ਨੂੰ ਰੰਗ ਲਾ ਕੇ ਮਨਾਇਆ ਹੋਲੀ ਦਾ ਤਿਉਹਾਰ। ਫੋਟੋ ਤੇ ਵੇਰਵਾ:- ਨਵਨੀਤ ਕੁਮਾਰੋ



ਹੋਲੀ ਦੇ ਤਿਉਹਾਰ ਨੂੰ ਮੁੱਖ ਰੱਖ ਕੇ ਕਸ਼ਿਸ, ਸ਼ਸੀ, ਰਮਨਪ੍ਰੀਤ, ਗੁਰਪ੍ਰੀਤ ਇੱਕ ਦੂਜੇ ਦੇ ਰੰਗ ਲਗਾ ਕੇ ਖ਼ੁਸ਼ੀ ਸਾਂਝੀ ਕਰਦੀਆਂ ਹੋਈਆਂ (ਫੋਟੋ ਤੇ ਵੇਰਵਾ- ਕਰਨੈਲ ਸਿੰਘ ਐੱਮ.ਏ.)

# ਰਾਮ ਸਿੰਘ ਦੱਤ ਹਾਲ ਵਿਖੇ ਕਿਸਾਨਾਂ ਨੇ ਕੀਤੀ ਮੀਟਿੰਗ



**ਗੁਰਦਾਸਪੁਰ/ਨਵਨੀਤ ਕੁਮਾਰ**

ਅੱਜ ਇੱਥੇ ਰਾਮ ਸਿੰਘ ਦੱਤ ਹਾਲ ਵਿਖੇ ਭਾਰਤ ਪੱਧਰ ਦੀ ਦੋ ਦਿਨਾ ਹੜਤਾਲ ਜੋ 28,29 ਮਾਰਚ ਨੂੰ ਕੀਤੀ ਜਾ ਰਹੀ ਹੈ ਉਸ ਸਬੰਧੀ ਵਿਚਾਰ ਚਰਚਾ ਕਰਨ ਲਈ ਏਟਕ ,ਸੀ ਅਈ ਟੀ ਯੂ ,ਏਕਟੂ ਅਤੇ ਸੀ ਟੀ ਯੂ ਪੰਜਾਬ ਦੇ ਆਗੂ ਰਣਬੀਰ ਸਿੰਘ ਵਿਰਕ,ਗੁਰਮੀਤ ਸਿੰਘ ਬਖਤਪੁਰਾ ਅਤੇ ਜਸਵੰਤ ਸਿੰਘ ਸ਼ਾਮਲ ਸਨ ਜਿਨਾਂ ਇਹ ਦੱਸਿਆ ਕਿ ਦੇਸ਼ ਪੱਧਰੀ ਹੜਤਾਲ ਮੋਦੀ ਦੀਆ ਮਜ਼ਦੂਰ ਕਿਸਾਨ ਲੋਕ ਅਤੇ ਦੇਸ਼ ਵਿਰੋਧੀ ਨੀਤੀਆਂ ਖ਼ਿਲਾਫ਼ ਕੀਤੀ ਜਾ ਰਹੀ ਹੈ ਆਗੂਆਂ ਨੇ ਕਿਹਾ ਕੇ ਪਿਛਲੇ ਇੱਕ ਮਹੀਨੇ ਦੌਰਾਨ ਕੱਚੇ ਲੋਹੇ ਦੀਆਂ ਕੀਮਤਾਂ ਪੱਚੀ ਹਜ਼ਾਰ ਟਨ ਤੋਂ ਵਧ ਕੇ ਪੈਂਹਠ ਹਜ਼ਾਰ ਟਨ ਤੱਕ ਅਤੇ ਕੱਚੇ ਕੋਲੇ ਦੀਆਂ ਕੀਮਤਾਂ ਬਾਰਾਂ ਹਜ਼ਾਰ ਟਨ ਤੋਂ ਵਧ ਕੇ ਪੱਚੀ ਹਜ਼ਾਰ ਟਨ ਤੱਕ ਪਹੁੰਚ ਗਈਆਂ ਹਨ ਜਿਸ ਕਾਰਨ ਦੇਸ਼ ਦੇ ਲਘੂ, ਛੋਟੇ ਕਾਰਖਾਨੇ ਅਤੇ ਦੇਸ਼ ਪੱਧਰ ਤੇ ਭੱਠਾ ਸਨਅਤ ਬਰਬਾਦ ਹੋਣ ਜਾ ਰਹੀ ਹੈ ਜਿਸ ਦੀ ਵਜ੍ਹਾ ਕਰਕੇ ਦੇਸ਼ ਪੱਧਰ ਦੇ ਕਰੋੜਾਂ ਮਜ਼ਦੂਰ ਵਿਹਲੇ ਹੋ ਜਾਣਗੇ ਜਦੋਂ ਕਿ ਪਹਿਲਾਂ ਹੀ ਕਰੋਨਾ ਦੀ ਮਾਰ ਕਰਕੇ ਕਰੋੜਾਂ ਮਜ਼ਦੂਰ ਬੇਕਾਰ ਹੋ ਚੁੱਕੇ ਹਨ ਆਗੂਆਂ ਕਿਹਾ ਕਿ ਦੇਸ਼ ਪੱਧਰ ਤੇ ਘੱਟੋ ਘੱਟ ਉਜਰਤ ਪ੍ਰਤੀ ਮਹੀਨਾ ਛੱਬੀ ਹਜਾਰ ਰੁਪਏ ਹੋਣੀ ਚਾਹੀਦੀ ਹੈ ਮੋਦੀ ਸਰਕਾਰ ਵੱਲੋਂ ਚੁਤਾਲੀ ਕਿਰਤ ਕਾਨੂੰਨਾਂ ਨੂੰ ਚਾਰ ਕੋਡਾਂ ਵਿਚ ਬਦਲਣ ਦੀ ਸਰਕਾਰ ਨੂੰ ਆਪਣੀ ਨੀਤੀ ਵਾਪਸ ਲੈਣੀ ਚਾਹੀਦੀ ਹੈ ਇਹ ਵੀ ਕਿਹਾ ਕਿ ਦੇਸ਼ ਪੱਧਰ ਤੇ ਸਰਕਾਰੀ ਅਦਾਰਿਆਂ ਦਾ ਕੀਤਾ ਜਾ ਰਿਹਾ ਨਿੱਜੀਕਰਨ ਦੇਸ਼ ਲਈ ਬਹੁਤ ਹੀ ਘਾਤਕ ਸਾਬਤ ਹੋਵੇਗਾ ਸਰਕਾਰ ਨੇ ਭਾਰਤ ਦੀ ਏਅਰ ਇੰਡੀਆ ਜੋ ਸੱਤਰ ਸਾਲ ਪਹਿਲਾਂ ਟਾਟੇ ਤੋਂ ਤੋਂ ਖੋਹ ਕੇ ਨੈਸ਼ਨਲ ਲਾਈਜ਼ ਕੀਤੀ ਗਈ ਸੀ ਉਸ ਨੂੰ ਦੁਬਾਰਾ ਬਹੁਤ ਘੱਟ ਕੀਮਤਾਂ ਤੇ ਟਾਟੇ ਦੇ ਹਵਾਲੇ ਕਰ ਦਿੱਤਾ ਗਿਆ ਹੈ ਦੇਸ਼ ਦੀ ਰੇਲਵੇ, ਹਾਈਵੇ, ਸਟੇਡੀਅਮ, ਸਰਕਾਰੀ ਬੈਂਕ, ਐਲ ਆਈ ਸੀ ਅਤੇ ਹਰ ਤਰ੍ਹਾਂ ਦੇ ਸਰਕਾਰੀ ਅਦਾਰਿਆਂ ਨੂੰ ਸੇਲ ਤੇ ਲਾਇਆ ਹੋਇਆ ਹੈ ਕਿਉਂਕਿ ਮੋਦੀ ਸਰਕਾਰ ਦਾ ਟੀਚਾ ਹੈ ਕੇ ਉਹ ਵੀਹ ਸੌ ਬਾਈ ਦੇ ਅੰਤ ਤਕ ਢਾਈ ਲੱਖ ਕਰੋੜ ਰੁਪਈਆ ਸਰਕਾਰ ਚਲਾਉਣ ਲਈ ਦੇਸ਼ ਦੇ ਸਰਕਾਰੀ ਅਦਾਰਿਆਂ ਨੂੰ ਵੇਚ ਕੇ ਇਕੱਠਾ ਕਰਨ ਦਾ ਟੀਚਾ ਕਰੀ ਬੈਠੀ ਹੈ ਜਦੋਂ ਕਿ ਭਾਰਤ ਸਰਕਾਰ ਪਹਿਲਾਂ ਹੀ ਵਿਸ਼ਵ ਬੈਂਕ ਅਤੇ ਅੰਤਰਰਾਸ਼ਟਰੀ ਮੁਦਰਾ ਕੋਸ਼ ਦੇ ਅਰਬਾਂ ਰੁਪਿਆਂ ਦੀ ਕਰਜ਼ਾਈ ਹੈ ਸਰਕਾਰ ਨੇ ਦੋ ਸੌ ਉਨੱਤਰ ਟਨ ਸੋਨਾ ਪਹਿਲਾਂ ਹੀ ਵਿਸ਼ਵ ਬੈਂਕ ਕੋਲ ਗਹਿਣੇ ਰੱਖਿਆ ਹੋਇਆ ਹੈ ਆਗੂਆਂ ਨੇ ਸਮੁੱਚੇ ਪੰਜਾਬ ਦੇ ਕਿਰਤੀਆਂ ਨੂੰ ਦੋ ਦਿਨਾਂ ਹੜਤਾਲ ਵਿੱਚ ਸ਼ਾਮਲ ਹੋਣ ਲਈ ਜ਼ੋਰਦਾਰ ਅਪੀਲ ਕੀਤੀ, ਇਸ ਸਮੇਂ ਮੀਟਿੰਗ ਵਿੱਚ ਸੁਖਦੇਵ ਸਿੰਘ ਭਾਗੋਕਾਵਾਂ, ਜਸਵੰਤ ਸਿੰਘ, ਅਸ਼ਵਨੀ ਕੁਮਾਰ ਲਖਣਕਲਾਂ, ਬਸ਼ੀਰ ਗਿੱਲ, ਪੂਰਨ ਚੰਦ, ਗੁਰਪਿੰਦਰ ਸਿੰਘ, ਮਨਜੀਤ ਸਿੰਘ, ਗੁਰਦੀਪ ਸਿੰਘ ਕਾਮਲਪੁਰ, ਬਲਬੀਰ ਸਿੰਘ ਉੱਚਾ ਧਕਾਲਾ ਜੋਗਿੰਦਰਪਾਲ ਲੇਹਲ ਕੁਲਦੀਪ ਰਾਜੂ ਸ਼ਾਮਲ

# ਵਿਧਾਇਕ ਕੁਲਵੰਤ ਸਿੱਧੂ ਦੀ ਫੂਡ ਸਪਲਾਈ ਅਧਿਕਾਰੀਆਂ ਤੇ ਡੀਪੂ ਹੋਲਡਰਾਂ ਨੂੰ ਰਾਸ਼ਨ ਵੰਡ ਪ੍ਰਣਾਲੀ 'ਚ ਪਾਰਦਸ਼ਤਾ ਲਿਆਉਣ ਦੀ ਹਦਾਇਤ

**ਲੁਧਿਆਣਾ/ਸੁਖਚੈਨ ਮਹਿਰਾ**



ਪੰਜਾਬ @ਚ ਨਵੀਂ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਜਿਸ ਤਰ੍ਹਾਂ ਭ੍ਰਿਸ਼ਟਾਚਾਰ ਦੇ ਵਿਰੋਧ ਤੇ ਆਮ ਲੋਕਾਂ ਨੂੰ ਸਰਕਾਰੀ ਕੰਮ ਕਿਸੇ ਕਿਸਮ ਦੀ ਸਮੱਸਿਆ ਨਾ ਆਉਣ ਦਾ ਪ੍ਰਣ ਕੀਤਾ ਗਿਆ ਹੈ, ਇਸੇ ਤਹਿਤ ਅੱਜ ਹਲਕਾ ਆਤਮ ਨਗਰ ਤੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ ਵੱਲੋਂ ਫੂਡ ਸਪਲਾਈ ਵਿਭਾਗ ਦੇ ਅਧਿਕਾਰੀਆਂ ਤੇ ਡੀਪੂ ਹੋਲਡਰਾਂ ਨੂੰ ਰਾਸ਼ਨ ਵੰਡ ਪ੍ਰਣਾਲੀ @ਚ ਪਾਰਦਸ਼ਤਾ ਲਿਆਉਣ ਲਈ ਕਿਹਾ, ਉਹਨਾ ਖਾਸ ਤੌਰ @ਤੇ ਫੂਡ ਸਪਲਾਈ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਡੀਪੂ ਹੋਲਡਰਾਂ ਨਾਲ ਤਾਲਮੇਲ ਬਣਾਉਣ ਤੇ ਸਰਕਾਰ ਵੱਜੋਂ ਭੇਜੀ ਸਮੱਗਰੀ ਨੂੰ ਸਮੇਂ ਸਿਰ ਡੀਪੂ ਹੋਲਡਰ ਤੱਕ ਪੰਹੁਚਾਉਣ ਤਾਂ ਜੋ ਉਹ ਸਮੱਗਰੀ ਲਾਭਪਾਤਰੀਆਂ ਤੱਕ ਸਮੇਂ ਸਿਰ ਪੁੱਜ ਸਕੇ। ਉਹਨਾ ਨਾਲ ਹੀ ਡੀਪੂ ਹੋਲਡਰਾਂ ਨੂੰ ਵੀ ਕਿਹਾ ਕਿ ਉਹ ਆਮ ਲੋਕਾਂ ਪ੍ਰਤੀ ਆਪਣੇ ਰਵੱਈਏ @ਚ ਨਰਮੀ ਲਿਆਉਣ ਤੇ ਸਰਕਾਰ ਵੱਲੋਂ ਭੇਜਿਆ ਰਾਸ਼ਨ ਸਮੇਂ ਸਿਰ ਤੇ ਪੂਰਾ ਲੋਕਾਂ ਤੱਕ ਪੰਹੁਚਾਉਣ। ਵਿਧਾਇਕ ਸਿੱਧੂ ਨੇ ਕਿਹਾ ਕਿ ਇਹ ਆਮ ਹੈ ਕਿ ਫੂਡ ਅਧਿਕਾਰੀਆਂ ਤੇ ਡੀਪੂ ਹੋਲਡਰਾਂ ਦੇ ਨਾਂਹ ਪੱਖੀ ਰਵੱਈਏ ਦੀ ਸ਼ਿਕਾਇਤ ਅਕਸਰ ਆਉਂਦੀ ਹੈ, ਹੁਣ ਜੋ ਪਿੱਛੇ ਜੋ ਹੋਣਾ ਸੀ ਹੋ ਗਿਆ, ਹੁਣ ਨਾ ਤਾਂ ਉਹਨਾ ਦੇ ਸਿਆਸੀ ਆਕਾ ਤੇ ਨਾ ਹੁਣ ਗਲਤ ਕੰਮ ਹੋਵੇਗਾ, ਗਲਤ ਕੰਮ ਕਰਨ ਵਾਲੇ ਤੇ ਲੋਕਾਂ ਨੂੰ ਖੱਜਲ ਕਰਨ ਵਾਲਿਆਂ ਖਿਲਾਫ ਸਖਤੀ ਨਾਲ ਨਿਪਟਿਆ ਜਾਵੇਗਾ। ਵਿਧਾਇਕ ਸਿੱਧੂ ਨੇ ਅੰਤ ਵਿਚ ਲੋਕਾਂ ਨੂੰ ਅਪੀਲ ਕੀਤੀ ਕੀ ਹੁਣ ਸੂਬੇ @ਚ ਤੁਹਾਡੀ ਸਰਕਾਰ ਹੈ ਬਿਨ੍ਹਾਂ ਕਿਸੇ ਡਰ ਤੋਂ ਤੁਸੀਂ ਆਪਣੇ ਹੱਕ ਲੈਣੇ ਹਨ, ਹਲਕਾ ਆਤਮ ਨਗਰ @ਚ ਰਾਸ਼ਨ ਵੰਡ ਪ੍ਰਣਾਲੀ ਕਿਸੇ ਨੂੰ ਕੋਈ ਸਮੱਸਿਆ ਹੈ ਤਾਂ ਉਹ ਮੇਰੇ ਨੰਬਰ 9781800002 @ਤੇ ਸੰਪਰਕ ਕਰਨ, ਮੌਕੇ @ਤੇ ਸੁਣਵਾਈ ਕੀਤੀ ਜਾਵੇਗੀ।

# ਮਾਂ, ਭੈਣ, ਬੇਟੀ, ਪਤਨੀ ਹੈ ਉਹ, ਜੀਵਨ ਦੇ ਹਰ ਸੁੱਖ ਦੁੱਖ ਵਿੱਚ ਸ਼ਾਮਿਲ ਹੈ ਉਹ।

ਜਿਵੇਂ ਕਿ ਸਭ ਨੂੰ ਪਤਾ ਹੈ ਕਿ 8 ਮਾਰਚ ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਜਾਂਦਾ ਹੈ। ਇਸ ਦਿਵਸ ਦਾ ਮੁੱਖ ਉਦੇਸ਼ ਮਹਿਲਾਵਾਂ ਨੂੰ ਸਮਾਜ ਵਿੱਚ ਇੱਕ ਸਨਮਾਨਿਤ ਸਥਾਨ ਦਿਵਾਉਣਾ ਹੈ, ਮਹਿਲਾ ਦਿਵਸ ਮਨਾਉਣ ਦਾ ਮੁੱਖ ਉਦੇਸ਼ ਮਹਿਲਾਵਾਂ ਅਤੇ ਮਰਦਾਂ ਵਿੱਚ ਸਮਾਨਤਾ ਬਣਾਈ ਰੱਖਣਾ ਵੀ ਹੈ। ਇਸ ਦਿਵਸ ਦੀ ਸ਼ੁਰੂਆਤ ਸਾਲ 1908 ਵਿੱਚ ਨਿਊਯਾਰਕ ਵਿੱਚ ਹੋਈ ਸੀ ਤਾਂ ਕਿ ਮਹਿਲਾਵਾਂ ਨੂੰ ਵੀ ਬਰਾਬਰ ਦੇ ਹੱਕ ਮਿਲ ਸਕਣ। ਇਸ ਦਿਨ ਕਈ ਤਰ੍ਹਾਂ ਦੇ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ। ਮਹਿਲਾਵਾਂ ਦਾ ਪ੍ਰੇਮ, ਤਿਆਗ, ਆਤਮਵਿਸ਼ਵਾਸ਼ ਅਤੇ ਸਮਾਜ ਦੇ ਪ੍ਰਤੀ ਉਹਨਾਂ ਦੇ ਬਲੀਦਾਨ ਲਈ ਸਨਮਾਨਿਤ ਕੀਤਾ ਜਾਂਦਾ ਹੈ। ਇਸ ਦਿਨ ਮਹਿਲਾਵਾਂ ਦੇ ਪ੍ਰਤੀ ਸਨਮਾਨ, ਪ੍ਰਸੰਸਾ ਅਤੇ ਪਿਆਰ ਨੂੰ ਪ੍ਰਗਟ ਕੀਤਾ ਜਾਂਦਾ ਹੈ। ਸਮਾਜ ਦੇ ਹਰ ਖੇਤਰ ਵਿੱਚ ਮਹਿਲਾਵਾਂ ਅੱਜ ਪੁਰਸ਼ਾ ਨਾਲ ਮਿਲ ਕੇ ਬਰਾਬਰ ਕੰਮ ਕਰ ਰਹੀਆਂ ਹਨ। ਇਸ ਕਰਕੇ ਹੀ ਇਸ ਦਿਨ ਨੂੰ ਮਨਾਇਆ ਜਾਂਦਾ ਹੈ। ਅੱਜ



ਇਲੀਟ ਚੈਰੀਟੇਬਲ ਕਲੱਬ ਦੀ ਤਰਫ਼ ਤੋਂ ਵੀ ਇਸ ਦਿਨ ਨੂੰ ਮਨਾਇਆ ਗਿਆ। ਇਸ ਦਿਨ ਕਲੱਬ ਦੇ ਮੈਂਬਰਾਂ ਦੁਆਰਾ ਅਲੱਗ ਅਲੱਗ ਤਰੀਕੇ ਨਾਲ ਆਪਣੇ ਆਪਣੇ ਵਿਚਾਰ ਪੇਸ਼ ਕੀਤੇ ਗਏ। ਕਲੱਬ ਦੇ ਮੈਂਬਰਾਂ ਦੁਆਰਾ ਨਾਟਕਕਾਰੀ ਪੈਸ਼ਕਾਰੀ ਕੀਤੀ ਗਈ। ਇਲੀਟ ਚੈਰੀਟੇਬਲ ਕਲੱਬ ਦੀ ਪ੍ਰਧਾਨ ਰਾਖੀ ਖੁਰਾਣਾ ਦੀ ਅਗਵਾਈ ਵਿੱਚ ਇਸ ਨਾਟਕ ਦੇ ਮਾਧਿਅਮ ਦੁਆਰਾ ਲੜਕਾ ਲੜਕੀ ਦੇ ਸਨਮਾਨਤਾ ਦੇ ਅਧਿਕਾਰ ਨੂੰ ਦਰਸਾਇਆ ਗਿਆ। ਜਰੂਰਤਮੰਦ ਮਹਿਲਾਵਾਂ ਨੂੰ ਗਿਫਟ ਵਗੈਰਾ ਦਿੱਤੇ ਗਏ। ਕਲੱਬ ਦੀ ਪ੍ਰਧਾਨ ਗੁਨਪ੍ਰੀਤ ਕਾਹਲੋਂ ਕੋਹਲੀ ਨੇ ਦੱਸਿਆ ਕਿ ਉਹ ਮਹਿਲਾਵਾਂ ਨੂੰ ਸਮਾਜ ਵਿੱਚ ਅੱਗੇ ਵਧਣ ਲਈ ਇਸ ਤਰ੍ਹਾਂ ਦੇ ਪ੍ਰੋਗਰਾਮ ਕਰਵਾਉਂਦੇ ਰਹਿਣਗੇ। ਇਸ ਮੌਕੇ ਕਲੱਬ ਦੇ ਸਾਰੇ ਮੈਂਬਰ ਰਾਖੀ, ਪਰਮਜੀਤ, ਗੁਰਬਲ, ਅਲਕਾ, ਰੁਚੀ, ਮੇਘਨਾ, ਟੀਨਾ, ਮਿਲੀ, ਗਗਨ, ਸਿੰਮੀ, ਸਵੇਤਾ, ਨੇਹਾ, ਰਿਚਾ, ਰੇਣੂ, ਸੁਰਿੰਦਰ, ਮੰਜੂ, ਗੁਰਪ੍ਰੀਤ, ਆਈਰੀਨ, ਹਰਬੀਰ, ਦੀਕਸ਼ਾ, ਸੁਖਵਿੰਦਰ ਆਦਿ ਮੌਜੂਦ ਸਨ।

# ਚੌਣਾਂ ਦੀ ਗਿਣਤੀ ਵਾਲੇ ਦਿਨ ਮੀਡੀਆ ਸੈਟਰਾਂ ਉਪਰ ਤਾਇਨਾਤ ਹੋਣਗੇ ਵਲੰਟੀਅਰ

ਲੁਧਿਆਣਾ/ਸੁਖਚੈਨ ਮਹਿਰਾ



ਦੋਸ਼ੀ- ਸਾਹਿਲ ਪੁੱਤਰ ਸੁਨੀਲ ਕੁਮਾਰ ਹਾਲ ਵਾਸੀ ?- ਪਿੰਡ ਫੁੱਲਾਂਵਾਲ ਥਾਣਾ ਸਦਰ ਲੁਧਿਆਣਾ 2. ਵਾਸੀ ਪਿੰਡ ਉੱਚੀ ਮੰਗਲੀ ਚੰਡੀਗੜ ਰੋਡ ਲੁਧਿਆਣਾ 3. 33 ਫੁੱਟਾ ਰੋਡ ਰਾਮ ਨਗਰ ਫੋਰਟਿਸ ਹਸਪਤਾਲ ਵਾਲੀ ਗਲੀ ਲੁਧਿਆਣਾ

ਜੋ ਮੁਕੱਦਮਾ ਨੰਬਰ 46 ਮਿਤੀ 18/03/2022 ਅ/ਧ 376 9♦3 06 Pocso act ਥਾਣਾ ਸਦਰ ਲੁਧਿਆਣਾ ਵਿੱਚ 06 ਸਾਲ ਦੀ ਬੱਚੀ ਨਾਲ ਬਲਾਤਕਾਰ ਕਰਨ ਸਬੰਧੀ ਲੋੜੀਂਦਾ ਹੈ ਜੇਕਰ ਕਿਸੇ ਨੂੰ ਵੀ ਇਹਦੇ ਸਬੰਧੀ ਕੋਈ ਜਾਣਕਾਰੀ ਹੋਵੇ ਤਾ ਨਿਮਨ ਲਿਖਤ ਨੰਬਰਾਂ ਪਰ ਸੰਪਰਕ ਕੀਤਾ ਜਾਵੇ ਇਤਲਾਹ ਦੇਣ ਵਾਲੇ ਦਾ ਨਾਮ ਪਤਾ ਗੁਪਤ ਰੱਖਿਆ ਜਾਵੇਗਾ ?-

ਕੰਟਰੋਲ ਰੂਮ ਲੁਧਿਆਣਾ
7837018500
SHO ਸਦਰ ਲੁਧਿਆਣਾ
7837018614

ਤਫਤੀਸ਼ੀ ਅਫਸਰ
8437775505
ਪੁਲਿਸ ਸਟੇਸ਼ਨ ਸਦਰ ਲੁਧਿ ?
7837018939

# ’ਦਿ ਕਸ਼ਮੀਰ ਫਾਈਲਜ਼’ ਦੇ ਅੰਗ-ਸੰਗ : ਚਿੱਟੀ ਸਿੰਘਪੁਰਾ ਨਰਸੰਹਾਰ ’22 ਸਾਲਾਂ ਦਾ ਅਣਸੁਲਝਿਆ ਰਹੱਸ’

’ਦਿ ਕਸ਼ਮੀਰ ਫਾਈਲਜ਼’ ਦੇ ਮਾਧਿਅਮ ਨਾਲ ਉਹ ਸੱਚ ਉਹ ਪੀੜਾ ਪਹਿਲੀ ਵਾਰ ਵੱਡੇ ਪਰਦੇ ’ਤੇ ਸਾਹਮਣੇ ਆਇਆ ਜਿਸ ਨੂੰ ਕਸ਼ਮੀਰੀ ਪੰਡਿਤਾਂ ਨੇ 1990 ਦੇ ਦਹਾਕੇ ਦੌਰਾਨ ਝੱਲਿਆ ਸੀ। ਬੇਸ਼ੱਕ ਇਸ ਫ਼ਿਲਮ ਦੀ ਅਲੋਚਨਾ ਲਈ ਉਨ੍ਹਾਂ ਸਿਆਸੀ ਪਰਿਵਾਰਾਂ ਦੇ ਲੋਕ ਅੱਗੇ ਆਏ, ਬਲਕਿ ਕੱਪੜਿਆਂ ਤੋਂ ਬਾਹਰ ਹੋਏ ਦਿਖੇ ਹਨ ਜਿਨ੍ਹਾਂ ਦੇ ਬਜ਼ੁਰਗਾਂ ਵੱਲੋਂ ਅਜ਼ਾਦੀ ਉਪਰੰਤ ਦੇਸ਼ ਦੀ ਵਾਗਡੋਰ ਸੰਭਾਲਦਿਆਂ ਕਸ਼ਮੀਰ ਪ੍ਰਤੀ ਲਏ ਗਏ ਗ਼ਲਤ ਫ਼ੈਸਲਿਆਂ ਨੇ ਕਸ਼ਮੀਰ ਘਾਟੀ ’ਚ ਘੱਟਗਿਣਤੀ ਹਿੰਦੂ ਤੇ ਸਿੱਖ ਭਾਈਚਾਰਿਆਂ ਦੀ ਤ੍ਰਾਸਦੀ ਲਈ ਮਾਹੌਲ ਪਨਪਣ ਦਾ ਮੌਕਾ ਦਿੱਤਾ। ਸਵਾਰਥੀ ਰਾਜਨੀਤੀ, ਸਟੇਟ ਦੀ ਲਾਚਾਰੀ ਅਤੇ ਘਟ ਗਿਣਤੀਆਂ ਪ੍ਰਤੀ ਸੁਰੱਖਿਆ ਗਰੰਟੀ ਦੀ ਅਣਹੋਂਦ ਕਾਰਨ ਮਨੁੱਖਤਾ ਅਤੇ ਸਭਿਅਤਾ ਦੇ ਘਾਣ ਦੀ ਉਹ ਦਾਸਤਾਨ ਲਿਖੀ ਗਈ ਜਿਸ ਪ੍ਰਤੀ ਕਸ਼ਮੀਰੀਆਂ ਨੇ ਕਦੀ ਸੁਪਨੇ ’ਚ ਵੀ ਨਹੀਂ ਸੋਚਿਆ ਹੋਵੇਗਾ। ਪਾਕਿਸਤਾਨ ਦੁਆਰਾ ਸੰਚਾਲਿਤ ਅਤਿਵਾਦੀ ਗਰੁੱਪਾਂ ਵੱਲੋਂ ’90 ਦੇ ਦਹਾਕੇ ’ਚ ਨਿਰਦੋਸ਼ ਕਸ਼ਮੀਰੀ ਪੰਡਿਤਾਂ ਨੂੰ ਵਾਦੀ ਤੋਂ ਖਦੇੜਨ ਲਈ ਜੋ ਅੱਤਿਆਚਾਰ ਕੀਤੇ ਗਏ ਉਸ ਦਰਦ ਬਾਰੇ ਕਲਪਨਾ ਕਰਦਿਆਂ ਵੀ ਰੂਹ ਕੰਬ ਉਠਦੀ ਹੈ। ਇਸ ਦੌਰ ’ਚ ਕਸ਼ਮੀਰੀ ਪੰਡਿਤਾਂ ਦੀਆਂ ਧੀਆਂ ਭੈਣਾਂ ਨੂੰ ਬੇਆਬਰੂ ਕਰਨ, ਸਮੂਹਿਕ ਕਤਲੇਆਮ, ਡੇਢ ਲੱਖ ਹਿੰਦੂਆਂ ਨੂੰ ਘਰ-ਬਾਰ ਛੱਡ ਕੇ ਪਲਾਇਨ ਕਰਨ ਲਈ ਮਜਬੂਰ ਕਰਨ ਪ੍ਰਤੀ ਕਾਲਜਾ ਮੂੰਹ ਨੂੰ ਆਉਂਦੀ ਤ੍ਰਾਸਦੀ ਦੀ ਅਤਿ ਸੰਵੇਦਨਸ਼ੀਲ ਮੁੱਦੇ ਨੂੰ ਪੂਰੀ ਖੋਜ ਤੋਂ ਬਾਅਦ ਵਿਵੇਕ ਅਗਨੀਹੋਤਰੀ ਵੱਲੋਂ ਕੀਤੀ ਗਈ ਦਲੇਰਾਨਾ ਪੇਸ਼ਕਾਰੀ ਨੇ ਵਿਸ਼ਵ ਦਾ ਧਿਆਨ ਆਪਣੇ ਵਲ ਖਿੱਚਿਆ ਹੈ, ਉੱਥੇ ਅਫ਼ਸੋਸ ਹੈ ਕਿ ਉਸ ਦੌਰ ’ਚ ਅੱਜ ਤੋਂ ਠੀਕ 22 ਸਾਲ ਪਹਿਲਾਂ ਅਨੰਤਨਾਗ ਜ਼ਿਲ੍ਹੇ ਦੇ ਪਿੰਡ ਚਿੱਟੀ ਸਿੰਘਪੁਰਾ ਵਿਖੇ 36 ਸਿੱਖ ਨੌਜਵਾਨ ਅਤੇ ਬਜ਼ੁਰਗਾਂ ਦਾ ਬੇਰਹਿਮੀ ਨਾਲ ਕੀਤੇ ਗਏ ਰਹੱਸਮਈ ਨਰਸੰਹਾਰ ਦੀ ਵਾਰਤਾ ਮੀਡੀਆ ਤੋਂ ਅਲੋਪ ਹੁੰਦਾ ਜਾ ਰਿਹਾ ਹੈ।





ਪਿੰਡ ਚਿੱਟੀ ਸਿੰਘਪੁਰਾ, ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ’ਚ ਮੱਟਨ ਤੋਂ ਕਰੀਬ 8 ਕਿੱਲੋਮੀਟਰ ਦੂਰ ਸਥਿਤ ਹੈ, ਜਿੱਥੇ ਗੁਰੂ ਨਾਨਕ ਦੇਵ ਜੀ ਜਨ ਕਲਿਆਣ ਪ੍ਰਤੀ ਆਪਣੀ ਉਦਾਸੀ ਦੌਰਾਨ ਬ੍ਰਹਮ ਦਾਸ ਨੂੰ ਸਿੱਖੀ ਪ੍ਰਚਾਰ ਦਾ ਕੰਮ ਸੌਂਪਿਆ ਸੀ। ਪਿੰਡ ਚਿੱਟੀ ਸਿੰਘਪੁਰਾ ’ਚ ਅੱਜ 400 ਪਰਿਵਾਰ ਰਹਿ ਰਹੇ ਹਨ ਪਰ ਉਸ ਤ੍ਰਾਸਦੀ ਦੇ ਵਕਤ ਉੱਥੇ 250 ਦੇ ਕਰੀਬ ਪਰਿਵਾਰ ਸੀ। ਮਾਲ ਰਿਕਾਰਡ ’ਚ ਸਿੱਖ ਨਰਹ ਕਿਹਾ ਜਾਣ ਵਾਲਾ ਇਹ ਪਿੰਡ ਮੈਦਾਨੀ ਜ਼ਮੀਨ ਵਾਲਾ ਹੈ ਤੇ ਬਰਸਾਤ ਅਤੇ ਬਰਫ਼ਬਾਰੀ ਦੌਰਾਨ ਲੋਕ ਭਾਰੀ ਮੁਸ਼ਕਲ ਦਾ ਸਾਹਮਣਾ ਕਰਦੇ ਹਨ। ਦੋ ਹਿੱਸਿਆਂ ’ਚ ਵੰਡੇ ਹੋਏ ਇਸ ਪਿੰਡ ਨੂੰ ਇਕ ਪੁਲ ਆਪਸ ਵਿਚ ਜੋੜਦਾ ਹੈ। ਦੋਹਾਂ ਹਿੱਸਿਆਂ ’ਚ ਇਕ ਇਕ ਗੁਰਦੁਆਰਾ ਸਥਾਪਿਤ ਹੈ। ਇਸ ਦੇ ਵਾਸੀ ਖੇਤੀ ਕਰਨ ਵਾਲੇ ਛੋਟੇ ਕਿਸਾਨ ਹਨ। ਕੁਝ ਮਜ਼ਦੂਰੀ ਕਰਦੇ ਹਨ। ਜਾਣਕਾਰਾਂ ਦੇ ਕਹਿਣ ਅਨੁਸਾਰ ਇਨ੍ਹਾਂ ਨੂੰ ਡੋਗਰਿਆਂ ਵੱਲੋਂ ਸ਼ਹਿਰ ਤੋਂ ਦੂਰ ਵਸਾਇਆ ਗਿਆ ਸੀ ਤਾਂ ਜੋ ਇਹ ਲੋਕ ਡੋਗਰਾ ਸ਼ਾਸਕਾਂ ਦਾ ਤਖਤਾ ਪਲਟਣ ਲਈ ਤਾਕਤ ਪ੍ਰਾਪਤ ਨਾ ਕਰ ਸਕਣ। ਜੇ ਧਰਤੀ ਦਾ ਇਹ ਹਿੱਸਾ ਭਾਰਤ ਕੋਲ ਹੈ ਤਾਂ ਇਹ ਇਨ੍ਹਾਂ ਸਿੱਖਾਂ ਦੀ ਬਦੌਲਤ ਹੈ। ਹਜ਼ਾਰਾਂ ਸਿੱਖ ਇਸ ਮਕਸਦ ਲਈ ਜਾਨ ਗੁਆ ਚੁੱਕੇ ਹਨ।

ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਬਿਲ ਕਲਿੰਟਨ ਦੀ ਭਾਰਤ ਫੇਰੀ ਤੋਂ ਇਕ ਦਿਨ ਪਹਿਲਾਂ ਅੱਜ ਦੇ ਦਿਨ 20 ਮਾਰਚ 2000 ਨੂੰ ਸ਼ਾਮ 7: 30 ਤੋਂ 8 ਵਜੇ ਦੇ ਵਿਚਕਾਰ ਫ਼ੌਜੀ ਵਰਦੀਆਂ ’ਚ ਆਏ ਨਕਾਬਪੋਸ਼ ਬੰਦੂਕਧਾਰੀਆਂ ਦੇ ਦੋ ਗਰੁੱਪਾਂ ਨੇ ਪਿੰਡ ਚਿੱਟੀ ਸਿੰਘਪੁਰਾ ’ਚ ਪਹੁੰਚ ਕੇ ਉੱਥੇ ਹੋਲਾ ਮਹੱਲਾ ਤਿਉਹਾਰ ਮਨਾ ਰਹੇ ਸਿੱਖਾਂ ਨੂੰ ਫ਼ੌਜ ਵੱਲੋਂ ਸ਼ਿਕੰਜਾ ਕੱਸਣ ਦੇ ਬਹਾਨੇ, ਕਿ ਫ਼ੌਜੀ ਕਮਾਂਡਿੰਗ ਅਫ਼ਸਰ ਉਨ੍ਹਾਂ ਨੂੰ ਬੁਲਾ ਰਿਹਾ ਹੈ, ਦੋਵਾਂ ਗੁਰਦੁਆਰਿਆਂ ਦੇ ਸਾਹਮਣੇ 18 -18 ਬੰਦੇ ਇਕੱਠੇ ਕਰ ਲਏ ਗਏ। ਫਿਰ ਇਸ਼ਾਰਾ ਮਿਲਦਿਆਂ ਹੀ ਇੱਕੋ ਸਮੇਂ ਉਨ੍ਹਾਂ ਨੂੰ ਅੰਨ੍ਹੇਵਾਹ ਗੋਲੀਆਂ ਨਾਲ ਭੁੰਨਦਿਆਂ 36 ਨਿਰਦੋਸ਼ ਤੇ ਨਿਹੱਥੇ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਜਿਨ੍ਹਾਂ ’ਚ ਇਕ ਮਾਸਟਰ ਨਾਨਕ ਸਿੰਘ ਹੀ ਜ਼ਖ਼ਮੀ ਹਾਲਤ ਵਿਚ ਬਚਿਆ। ਉਸ ਰਾਤ ਪਿੰਡ ਵਿਚ ਡਰ ਅਤੇ ਦਹਿਸ਼ਤ ਅਤੇ ਤਣਾਓ, ਰੋਣ ਅਤੇ ਸੋਗ ਦੀ ਲਹਿਰ ਸੀ। ਇਸ ਪਿੰਡ ਦੇ ਗਿਆਨੀ ਰਜਿੰਦਰ ਸਿੰਘ ਵੱਲੋਂ ਆਪਣੀ ਜਾਨ ਜੋਖ਼ਮ ਵਿਚ ਪਾਉਂਦਿਆਂ ਨੇੜਲੇ ਪਿੰਡ ਦੇ ਇਕ ਸਾਥੀ ਨਾਲ ਮੱਟਨ ਦੇ ਥਾਣੇ ’ਚ ਇਤਲਾਹ ਦਿੱਤੀ ਗਈ। ਫਿਰ ਇਸ ਨਰਸੰਹਾਰ ਦੀ ਖ਼ਬਰ ਅੱਗ ਦੀ ਤਰਾਂ ਤੇਜ਼ੀ ਨਾਲ ਫੈਲ ਗਈ। ਪੰਜਾਬ ਅਤੇ ਵੱਖ ਵੱਖ ਹਿੱਸਿਆਂ ਤੋਂ ਸਿੱਖ ਸੰਗਤਾਂ, ਸਿਆਸੀ ਆਗੂਆਂ ਨੇ ਉਸੇ ਵਕਤ ਉੱਧਰ ਨੂੰ ਵਹੀਰਾਂ ਘਤ ਲਈਆਂ। ਜਿਸ ’ਚ ਇਸ ਕਲਮਕਾਰ ਵੀ ਮੌਜੂਦ ਰਿਹਾ। ਉਸ ਵਕਤ ਵਾਦੀ ’ਚ ਬੇਵੱਸ ਦਿੱਖ ਰਹੇ ਮੁਸਲਮਾਨ ਭਰਾਵਾਂ ਨੇ ਵੀ ਦੁਕਾਨਾਂ ਬੰਦ ਰੱਖ ਕੇ ਸੋਗ ਮਨਾਇਆ। ਪਿੰਡ ਦੇ ਵੱਡੇ ਗੁਰਦੁਆਰੇ ਦੇ ਹਦੂਦ ਅੰਦਰ ਰੱਖੇ ਗਏ 36 ਮ੍ਰਿਤਕ ਸਰੀਰਾਂ ਕੋਲ ਉਨ੍ਹਾਂ ਦੇ ਰਿਸ਼ਤੇਦਾਰਾਂ, ਭੁੱਖੇ ਤਿਹਾਏ ਛੋਟੇ ਬਚਿਆਂ ਨੂੰ ਵਿਰਲਾਪ ਕਰਦਿਆਂ ਦੇਖ



ਹਰੇਕ ਦਿਲ ਦਾ ਰੋਣਾ ਤੇ ਭਾਵੁਕ ਹੋਣਾ ਕੁਦਰਤੀ ਸੀ। ਲੋਕ ਕਾਤਲਾਂ ਨੂੰ ਅਤੇ ਉਨ੍ਹਾਂ ਦੀ ਸੁਰੱਖਿਆ ਲਈ ਠੋਸ ਉਪਰਾਲਾ ਨਾ ਕਰਨ ਲਈ ਅਬਦੁੱਲਾ ਸਰਕਾਰ ਨੂੰ ਕੋਸ ਰਹੇ ਸਨ।

ਕੁਝ ਰਸਮੀ ਕਾਰਵਾਈਆਂ ਉਪਰੰਤ ਅਤਿ ਸੋਗਮਈ ਮਾਹੌਲ ’ਚ ਖ਼ੂਨ ਦੇ ਹੰਝੂ ਵਹਾਉਂਦਿਆਂ 36 ਸ਼ਹੀਦਾਂ ਦੇ ਮ੍ਰਿਤਕ ਸਰੀਰਾਂ ਨੂੰ ਇਕੱਠਿਆਂ ਚਿਖਾ ’ਚ ਰੱਖਦਿਆਂ ਅੰਤਿਮ ਸੰਸਕਾਰ ਕੀਤਾ ਗਿਆ। ਇਹ ਨਿਰਦੋਸ਼ਾਂ ਦਾ ਹੀ ਨਹੀਂ ਸਗੋਂ ਇਹ ਕਸ਼ਮੀਰੀਅਤ ਅਤੇ ਉਨ੍ਹਾਂ ਦੇ ਰਵਾਇਤੀ ਭਾਈਚਾਰੇ ਦਾ ਵੀ ਕਤਲੇਆਮ ਸੀ। ਇਸ ਕਤਲੇਆਮ ਦੇ ਵਹਿਸ਼ੀ ਕਾਰੇ ਨੇ ਵਾਦੀ ਦੇ ਸਿੱਖਾਂ ਦੇ ਵਿਸ਼ਵਾਸ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਸਮੁੱਚੇ ਵਿਸ਼ਵ ਵਿਚ ਸਿੱਖ ਭਾਈਚਾਰੇ ਪ੍ਰਤੀ ਹਮਦਰਦੀ ਸੀ। ਇਸ ਮੌਕੇ ਸਿੱਖ ਭਾਈਚਾਰੇ ਨੇ ਸੜਕਾਂ ’ਤੇ ਨਿਕਲ ਕੇ ਇਕ ਜੁਟਤਾ ਦਾ ਪ੍ਰਗਟਾਵਾ ਵੀ ਕੀਤਾ ਅਤੇ ਸਵਾਲ ਉਠਾਇਆ ਕਿ ਇਹ ਨਰਸੰਹਾਰ ਕਿਉਂ ਤੇ ਕਿਸ ਨੇ ਕੀਤਾ ਕਰਾਇਆ। ਸਰਕਾਰਾਂ ਹਮਲਾ ਕਰਨ ਵਾਲੇ ਅੱਤਵਾਦੀਆਂ ਬਾਰੇ ਸਟੀਕ ਪਤਾ ਲਾਉਣ ’ਚ ਅੱਜ ਤਕ ਵੀ ਨਾਕਾਮ ਰਹੀਆਂ ਹਨ, ਬੇਸ਼ੱਕ ਉਹ ਲਸ਼ਕਰ ਏ ਤੋਇਬਾ ਨੂੰ ਕਸੂਰਵਾਰ ਮੰਨਦੀ ਆਈ ਹੈ। ਇਸ ਨਰਸੰਹਾਰ ਉਪਰੰਤ ਲਸ਼ਕਰ ਦੇ ਸਹਿ ਸੰਸਥਾਪਕ ਸਈਦ ਦੇ ਭਤੀਜੇ ਮੁਹੰਮਦ ਸੁਹੇਲ ਮਲਿਕ ਨੇ ਭਾਰਤੀ ਹਿਰਾਸਤ ਵਿਚ ਰਹਿੰਦਿਆਂ ਲਸ਼ਕਰ ਦੇ ਨਿਰਦੇਸ਼ਾਂ ’ਤੇ ਹਮਲੇ ’ਚ ਹਿੱਸਾ ਲੈਣ ਦਾ ਕਬੂਲ ਕੀਤਾ, ਜਿਸ ਨੂੰ ਉਸ ਨੇ ਨਿਊਯਾਰਕ ਟਾਈਮਜ਼ ਦੇ ਬੈਰੀ ਬੀਅਰਕ ਨਾਲ ਇਕ ਇੰਟਰਵਿਊ ਦੌਰਾਨ ਦੁਹਰਾਇਆ ਵੀ। 2010 ਦੌਰਾਨ ਲਸ਼ਕਰ ਦੇ ਸਹਿਯੋਗੀ ਡੇਵਿਡ ਹੈਡਲੀ, ਜਿਸ ਨੂੰ 2008 ਦੇ ਮੁੰਬਈ ਹਮਲਿਆਂ ਦੇ ਸੰਬੰਧ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ਨੇ ਕਥਿਤ ਤੌਰ ’ਤੇ ਰਾਸ਼ਟਰੀ ਜਾਂਚ ਏਜੰਸੀ ਨੂੰ ਦੱਸਿਆ ਕਿ ਚਿੱਟੀ ਸਿੰਘਪੁਰਾ ਕਤਲੇਆਮ ਨੂੰ ਲਸ਼ਕਰ ਨੇ ਅੰਜਾਮ ਦਿੱਤਾ ਸੀ। ਉਸ ਨੇ ਲਸ਼ਕਰ ਦੇ ਅਤਿਵਾਦੀ ਐਮਉਜਾਮਿਲ ਦੀ ਪਛਾਣ ਕਰਨ ਦਾ ਦਾਅਵਾ ਕੀਤਾ ਜਿਸ ਨੇ ਉਸ ਸਮੂਹ ਦੇ ਹਿੱਸੇ ਵਜੋਂ ਕਲਿੰਟਨ ਦੀ ਫੇਰੀ ਮੌਕੇ ਫ਼ਿਰਕੂ ਤਣਾਅ ਪੈਦਾ ਕਰਨ ਲਈ ਕਤਲੇਆਮ ਨੂੰ ਅੰਜਾਮ ਦਿੱਤਾ। ਕੁਝ ਵੀ ਹੋਵੇ ਇਸ ਤ੍ਰਾਸਦੀ ਨੇ ਸਟੇਟ ਤਰਸਦੀ ’ਤੇ ਘਟ ਗਿਣਤੀਆਂ ਨੂੰ ਸੁਰੱਖਿਆ ਪ੍ਰਦਾਨ ਕਰਨ ’ਚ ਅਸਮਰਥਾ ਅਤੇ ਨਾਕਾਮੀ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ। ਬੇਸ਼ੱਕ ਇਹ ਤ੍ਰਾਸਦੀ ਲੋਕ ਮਨਾਂ ਤੇ ਮੀਡੀਆ ’ਚੋਂ ਹੌਲੀ ਹੌਲੀ ਮਨਫ਼ੀ ਹੋ ਰਹੀ ਹੈ। ਫਿਰ ਵੀ ਸਿੱਖ ਭਾਈਚਾਰੇ ਦੀ ਯਾਦ ’ਚ ਇਸ ਦੀ ਅਮਿੱਟ ਛਾਪ ਹੈ ਅਤੇ ਅੱਜ ਵੀ ਇਸ ਦੀ ਪੀੜਾ ਤੇ ਚੀਸ ਸਿੱਖ ਮਨਾਂ ’ਚ ਮਹਿਸੂਸ ਕੀਤਾ ਜਾ ਸਕਦਾ ਹੈ। ਇਸ ਤ੍ਰਾਸਦੀ ਦੀ ਜਿਮੇਵਾਰਾਂ ਪ੍ਰਤੀ 22 ਸਾਲਾਂ ਦਾ ਇਕ ਅਣਸੁਲਝਿਆ ਰਹੱਸ ਅੱਜ ਵੀ ਬਰਕਰਾਰ ਹੈ। ਅੱਜ ਵੀ ਉਨ੍ਹਾਂ ਨੌਜਵਾਨਾਂ ਅਤੇ ਬਜ਼ੁਰਗ ਸਿੱਖਾਂ ਦੇ ਕਤਲੇਆਮ ਦਾ ਜਵਾਬ ਲੱਭਣ ਦੀ ਲੋੜ ਹੈ। ਸ਼ਾਲਾ ਅਜਿਹੀਆਂ ਰਾਤਾਂ ਕਿਸੇ ਦੇ ਵੀ ਹਿੱਸੇ ਨਾ ਆਉਣ। ਕਸ਼ਮੀਰ ਲਈ ਆਪਣੀਆਂ ਜਾਨਾਂ ਨਿਛਾਵਰ ਕਰਨ ਵਾਲੇ ਇਨ੍ਹਾਂ ਸ਼ਹੀਦਾਂ ਨੂੰ ਅੱਜ ਵੀ ਸਿੱਖ ਭਾਈਚਾਰਾ ਅਤੇ ਅਮਨ ਪਸੰਦ ਸ਼ਹਿਰੀ ਵਾਰ ਵਾਰ ਸਿੱਜਦਾ ਕਰਦਾ ਹੈ।

(**ਪ੍ਰੋ: ਸਰਚਾਂਦ ਸਿੰਘ ਖਿਆਲਾ**)



# ਸਕੂਲਾ ਵਿਚ ਛਾਪੇਮਾਰੀ ਥਾ ਆਪ ਆਗੂ ਨਸ਼ਾ ਤਸਕਰਾ ਦੇ ਅਡਿਆ ਤੇ ਛਾਪੇਮਾਰੀ ਕਰਨ -ਜਥੇਦਾਰ ਜੁਗਨੂੰ

**ਕਪੂਰਥਲਾ/ਪਰਮਜੀਤ ਸੰਨੀ**

ਪੰਜਾਬ ਦੇ ਲੋਕਾਂ ਨੇ ਆਮ ਪਾਰਟੀ ਦੇ ਆਗੂਆ ਨੂੰ ਓਨਾ ਦੀ ਸੋਚ ਤੋ ਵੱਧ ਭਾਰੀ ਬਹੁਮਤ ਨਾਲ ਜਿਤਾ ਕੇ ਪੰਜਾਬ ਦੇ ਹਰ ਵਰਗ ਦੇ ਵੋਟਰਾ ਨਾਲ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਮੁਖ ਮੰਤਰੀ ਪੰਜਾਬ ਭਗਵੰਤ ਮਾਨ ਨੇ ਜੋ ਵਾਦੇ ਚੋਣਾ ਮੌਕੇ ਕੀਤੇ ਸਨ ਓਨਾ ਨੂੰ ਪੂਰੇ ਕਰਨ ਦੀ ਵੱਡੀ ਜੁਮੇਵਾਰੀ ਸੌਂਪੀ ਸੀ ਪਰ ਉਸ ਜੁਮੇਵਾਰੀ ਨੂੰ ਨਿਭੋਨ ਦੀ ਬਜਾਏ ਆਪ ਦੇ ਆਗੂ ਤੇ ਨਵੇ ਬਣੇ ਐਮ ਐਲ ਏ ਸਕੂਲਾਂ ਹਸਪਤਾਲਾਂ ਤੇ ਥਾਨਿਆ ਵਿਚ ਹੰਕਾਰ ਭਰੇ ਲਹਿਜੇ ਵਿਚ ਛਾਪੇਮਾਰੀ ਕਰਕੇ ਓਨਾ ਦੇ ਕੰਮ ਵਿਚ ਗਲਤ ਦਖਲ ਦੇ ਕੇ ਬਿਨਾ ਵਜਾ ਤਾਕਤ ਤੇ ਸੱਤਾ ਦੇ ਨਸ਼ੇ ਵਿਚ ਹੰਕਾਰੀ ਹੋਣ ਦੀ ਭੂਮਕਾਂ ਨਿਭਾਓਣ ਲਗੇ ਹਨ ਜਿਸ ਦੀ ਜ਼ੋਰਦਾਰ ਨਿਦਾ ਕਰਦਿਆ ਸ਼੍ਰੋਮਣੀ ਅਕਾਲੀ ਦਲ ਦੇ ਮੁਖ ਬੁਲਾਰੇ ਤੇ ਰਾਜਸੀ ਮਾਮਲਿਆ ਦੀ ਕਮੇਟੀ ਪੀ ਏ ਸੀ ਦੇ ਮੈਂਬਰ ਜਥੇਦਾਰ ਇੰਦਰਜੀਤ ਸਿੰਘ ਜੁਗਨੂੰ ਨੇ ਕਿਹਾ ਕੇ ਸਰਕਾਰੀ ਕਰਮਚਾਰੀਆ ਨੂੰ ਤੰਗ ਕਰਨ ਦੀ ਬਜਾਏ ਆਪ ਦੇ ਏ ਨਵੇ ਚੋਧਰੀ ਆਗੂ ਤੇ ਚਿੱਟਾ ਵੇਚਣ ਵਾਲੇ ਨਸ਼ਾ ਤਸਕਰਾਂ ਦੇ ਅੱਡਿਆ ਤੇ ਛਪਾਮਾਰੀ ਕਰਨ ਤੇ ਓਨਾ ਫੜਾ ਕੇ ਆਪਣਾ ਵਾਦਾ ਪੂਰਾ ਕਰਨ ਜਥੇਦਾਰ ਜੁਗਨੂੰ ਕਿਹਾ ਕੀ ਆਪ ਪਾਰਟੀ ਹੱਥ ਵਿਚ ਪੰਜਾਬ ਦੀ ਵਾਂਗਡੋਰ ਆਓਂਦਿਆਂ ਹੀ ਟਾਂਡਾ ਵਿਖੇ ਵੀਹ ਗਊਆ ਦੇ ਸਿਰ ਧੜ ਤੋ ਲਾਹ ਕੀ ਕੀਤਾ ਗਿਣੋਣਾ ਕਤਲੇਆਮ ਤੇ ਜਲੰਧਰ ਵਿਖ਼ੇ ਮਸ਼ਹੂਰ ਕਬੱਡੀ ਖਿਡਾਰੀ ਦੀ ਸਰੇਆਮ ਗੋਲੀਆਂ ਮਾਰ ਕੇ ਹਤਿਆ ਦਰਸ਼ਓਂਦਾ ਹੈ ਕੇ ਪੰਜਾਬ ਵਿਚ ਅਪਰਾਧ ਜਗਤ ਦੇ ਹੌਸਲੇ ਬੁਲੰਦ ਹੋ ਚੁੱਕੇ ਹਨ ਜਥੇਦਾਰ ਜੁਗਨੂੰ ਨੇ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕੀਤੀ ਕੇ ਉਹ ਆਪਣੇ ਪਾਰਟੀ ਆਗੂਆਂ ਨੂੰ ਹਦਾਇਤਾ ਕਰਨ ਕੇ ਉਹ ਪੰਜਾਬ ਦੇ ਹਰ ਵਰਗ ਨਾਲ ਕੀਤੇ ਵਾਦਿਆ ਨੂੰ ਪੂਰੇ ਕਰਨ ਤੇ ਪੰਜਾਬ ਦੇ ਵਿਕਾਸ ਕਾਰਜਾ ਵੱਲ ਧਿਆਨ ਦੇਣ ਤੇ ਜਨਤਾ ਦੀਆ ਉਮੀਦਾ ਤੇ ਖਰਾ ਉੱਤਰਨ।

# ਆਸਲ ਉਤਾੜ ਵਿਖੇ ਘਰੇਲੂ ਪੱਧਰ ਤੇ ਮੁਰਗੀ ਪਾਲਣ ਦਾ ਕੈਂਪ ਲਗਾਇਆ ਗਿਆ




**ਅਮਰਕੋਟ/ਹਰਜੀਤ ਸਿੰਘ ਵਲਟੋਹਾ**

ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ, ਵਲਟੋਹਾ ( ਬੀਡੀਪੀਉ ਦਫਤਰ) ਵੱਲੋਂ ਕ੍ਰਿਸ਼ੀ ਵਿਗਿਆਨ ਕੇਂਦਰ , ਬੂਹ ਤਰਨਤਾਰਨ ਦੇ ਸਹਿਯੋਗ ਨਾਲ ਅੱਜ ਪਿੰਡ ਆਸਲ ਉਤਾੜ ਵਿਖੇ ਮਹਿਲਾ ਕਿਸਾਨਾਂ ਲਈ

ਘਰੇਲੂ ਪੱਧਰ @ਤੇ ਮੁਰਗੀ ਪਾਲਕ ਦਾ ਕੈਂਪ ਲਗਾਇਆ ਗਿਆ । ਇਸ ਵਿੱਚ ਡਾ. ਸੁਰੇਸ਼ ਵਰਮਾ ਨੇ ਮੁਰਗੀਆਂ ਦੀਆਂ ਵੱਖ ਵੱਖ ਕਿਸਮਾਂ, ਰੱਖ-ਰਖਾਵ ਅਤੇ ਹੋਰ ਵਿਗਿਆਨਕ ਨੁਕਤੇ ਕਿਸਾਨ ਭਰਾਵਾਂ ਅਤੇ ਬੀਬੀਆਂ ਨਾਲ ਸਾਂਝੇ ਕੀਤੇ। ਡਾ. ਪਿਵਰਜੀਤ ਕੌਰ ਨੇ ਮੁਰਗੀਆਂ ਤੋਂ ਬਣਨ ਵਾਲੇ ਉਤਪਾਦ ਜਿਵੇ ਆਂਡਾ ਅਚਾਰ ,ਮੁਰਗਾ ਅਚਾਰ ਅਤੇ ਮੱਛੀ ਦੇ ਅਚਾਰ ਬਣਾਉਣ ਦੀਆਂ ਵਿਗਿਆਨਕ ਵਿਧੀਆਂ ਦੱਸੀਆਂ । ਇਸ ਮੌਕੇ ਬਲਾਕ ਪ੍ਰੋਗਰਾਮ ਮੈਨੇਜਰ ਅਕਾਸ਼ਦੀਪ ਸਿੰਘ ਨੇ ਦੱਸਿਆ ਕਿ ਕੈਂਪ ਵਿਚ ਹਾਜਰ ਹੋਏ ਅਨੁਸੂਚਿਤ ਜਾਤੀ ਦੇ ਸਬੰਧਤ ਵਿਅਕਤੀਆਂ ਨੂੰ ਦੋ ਸਾਲ ਲਈ ਖੇਤੀਬਾੜੀ ਸੰਬੰਧਿਤ ਮਹੀਨਾਵਾਰ ਮੈਗਜ਼ੀਨ ਆਇਆ ਕਰਨਗੇ। ਇਸ ਤੋ ਇਲਾਵਾ ਉਨ੍ਹਾਂ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਸਹਿਯੋਗ ਨਾਲ ਇਸ ਤਰ੍ਹਾਂ ਦੇ ਹੋਰ ਵੀ ਖੇਤੀ ਜਾਗਰੂਕਤਾ ਕੈਂਪ ਲਾਇਆ ਜਾਣ ਕਰਨਗੇ। ਅੰਤ ਵਿੱਚ ਕਲੱਸਟਰ ਕੋਆਰਡੀਨੇਟਰ ਹਰਪ੍ਰੀਤ ਸਿੰਘ ਨੇ ਕੈਂਪ ਵਿੱਚ ਆਏ ਹੋਏ ਮੈਂਬਰਾਂ ਦਾ ਧੰਨਵਾਦ ਕੀਤਾ।

# ਰਾਮ ਸਿੰਘ ਦੱਤ ਹਾਲ ਵਿਖੇ ਕਿਸਾਨਾਂ ਨੇ ਕੀਤੀ ਮੀਟਿੰਗ

**ਗੁਰਦਾਸਪੁਰ/ਨਵਨੀਤ ਕੁਮਾਰ:-** ਅੱਜ ਇੱਥੇ ਰਾਮ ਸਿੰਘ ਦੱਤ ਹਾਲ ਵਿਖੇ ਭਾਰਤ ਪੱਧਰ ਦੀ ਦੋ ਦਿਨਾ ਹੜਤਾਲ ਜੋ 28,29 ਮਾਰਚ ਨੂੰ ਕੀਤੀ ਜਾ ਰਹੀ ਹੈ ਉਸ ਸਬੰਧੀ ਵਿਚਾਰ ਚਰਚਾ ਕਰਨ ਲਈ ਏਟਕ ,ਸੀ ਅਈ ਟੀ ਯੂ ,ਏਕਟੂ ਅਤੇ ਸੀ ਟੀ ਯੂ ਪੰਜਾਬ ਦੇ ਆਗੂ ਰਣਬੀਰ ਸਿੰਘ ਵਿਰਕ,ਗੁਰਮੀਤ ਸਿੰਘ ਬਖਤਪੁਰਾ ਅਤੇ ਜਸਵੰਤ ਸਿੰਘ ਸ਼ਾਮਲ ਸਨ ਜਿਨਾਂ ਇਹ ਦੱਸਿਆ ਕਿ ਦੇਸ਼ ਪੱਧਰੀ ਹੜਤਾਲ ਮੋਦੀ ਦੀਆ ਮਜ਼ਦੂਰ ਕਿਸਾਨ ਲੋਕ ਅਤੇ ਦੇਸ਼ ਵਿਰੋਧੀ ਨੀਤੀਆਂ ਖ਼ਿਲਾਫ਼ ਕੀਤੀ ਜਾ ਰਹੀ ਹੈ ਆਗੂਆਂ ਨੇ ਕਿਹਾ ਕੇ ਪਿਛਲੇ ਇੱਕ ਮਹੀਨੇ ਦੌਰਾਨ ਕੱਚੇ ਲੋਹੇ ਦੀਆਂ ਕੀਮਤਾਂ ਪੱਚੀ ਹਜ਼ਾਰ ਟਨ ਤੋਂ ਵਧ ਕੇ ਪੈਂਹਠ ਹਜ਼ਾਰ ਟਨ ਤੱਕ ਅਤੇ ਕੱਚੇ ਕੋਲੇ ਦੀਆਂ ਕੀਮਤਾਂ ਬਾਰਾਂ ਹਜ਼ਾਰ ਟਨ ਤੋਂ ਵਧ ਕੇ ਪੱਚੀ ਹਜ਼ਾਰ ਟਨ ਤੱਕ ਪਹੁੰਚ ਗਈਆਂ ਹਨ ਜਿਸ ਕਾਰਨ ਦੇਸ਼ ਦੇ ਲਘੂ, ਛੋਟੇ ਕਾਰਖਾਨੇ ਅਤੇ ਦੇਸ਼ ਪੱਧਰ ਤੇ ਭੱਠਾ ਸਨਅਤ ਬਰਬਾਦ ਹੋਣ ਜਾ ਰਹੀ ਹੈ ਜਿਸ ਦੀ ਵਜ੍ਹਾ ਕਰਕੇ ਦੇਸ਼ ਪੱਧਰ ਦੇ ਕਰੋੜਾਂ ਮਜ਼ਦੂਰ ਵਿਹਲੇ ਹੋ ਜਾਣਗੇ ਜਦੋਂ ਕਿ ਪਹਿਲਾਂ ਹੀ ਕਰੋਨਾ ਦੀ ਮਾਰ ਕਰਕੇ ਕਰੋੜਾਂ ਮਜ਼ਦੂਰ ਬੇਕਾਰ ਹੋ ਚੁੱਕੇ ਹਨ ਆਗੂਆਂ ਕਿਹਾ ਕਿ ਦੇਸ਼ ਪੱਧਰ ਤੇ ਘੱਟੋ ਘੱਟ ਉਜਰਤ ਪ੍ਰਤੀ ਮਹੀਨਾ ਛੱਬੀ ਹਜਾਰ ਰੁਪਏ ਹੋਣੀ ਚਾਹੀਦੀ ਹੈ ਮੋਦੀ ਸਰਕਾਰ ਵੱਲੋਂ ਚੁਤਾਲੀ ਕਿਰਤ ਕਾਨੂੰਨਾਂ ਨੂੰ ਚਾਰ ਕੋਡਾਂ ਵਿਚ ਬਦਲਣ ਦੀ ਸਰਕਾਰ ਨੂੰ ਆਪਣੀ ਨੀਤੀ ਵਾਪਸ ਲੈਣੀ ਚਾਹੀਦੀ ਹੈ ।

# ਜ਼ਰੂਰਤਮੰਦਾਂ ਦੀ ਬਿਹਤਰੀ ਲਈ ਕਾਰਜ ਕਰਨ ਅਤੇ ਬਰਾਬਰਤਾ ਵਾਲੇ ਸਮਾਜ ਦੀ ਸਿਰਜਣਾ ਸਬੰਧੀ ਹੋਇਆ 'ਭਾਰਤੀਯ ਸਮਾਨਤਾ ਸੰਗਠਨ' ਦਾ ਗਠਨ



**ਪਟਿਆਲਾ/ਜਗਦੀਸ਼**

ਆਰਥਿਕ ਪੱਖੋਂ ਕਮਜ਼ੋਰ ਸਹੂਲਤਾਂ ਤੋਂ ਵਾਂਝੇ ਪਰਿਵਾਰਾਂ ਦੇ ਹਿੱਤ ਵਿੱਚ ਕਾਰਜ ਕਰਨ ਅਤੇ ਇਹਨਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ, ਕੱਚੇ ਕਰਮਚਾਰੀਆਂ ਨਾਲ ਹੋ ਰਹੀ ਬੇ-ਇਨਸਾਫੀ ਨੂੰ ਰੋਕਣ, ਬੇ-ਰੋਜ਼ਗਾਰਾਂ ਦੇ ਹਿੱਤਾਂ ਲਈ ਕਾਰਜ ਕਰਨ, ਸਮਾਨਤਾ ਬਰਾਬਰਤਾ ਵਾਲੇ ਨਿਰੋਏ ਸਮਾਜ ਦੀ ਸਿਰਜਣਾ ਆਦਿ ਕਾਰਜਾਂ ਸਬੰਧੀ ਬਡੂੰਗਰ ਵਿਖੇ ਸ਼ਹਿਰ ਦੇ ਕੁੱਝ ਸੂਝਵਾਨ ਵਿਅਕਤੀਆਂ ਵੱਲੋਂ ਆਯੋਜਿਤ ਮੀਟਿੰਗ ਦੌਰਾਨ @ ਭਾਰਤੀਯ ਸਮਾਨਤਾ ਸੰਗਠਨ @ ਦਾ ਗਠਨ ਕੀਤਾ ਗਿਆ। ਮੀਟਿੰਗ ਵਿੱਚ ਵੱਖ -ਵੱਖ ਵਿਸ਼ਿਆਂ ਤੋਂ ਇਲਾਵਾ ਬੇ-ਰੁਜ਼ਗਾਰੀ, ਮਹਿੰਗਾਈ, ਸਮਾਜਿਕ ਬੁਰਾਈਆਂ, ਗਰੀਬ ਮਜ਼ਦੂਰ ਕਿਸਾਨਾਂ ਦੀਆਂ ਸੱਮਸਿਆਵਾਂ ਆਦਿ ਵਿਸ਼ਿਆਂ ਤੇ ਚਰਚਾ ਕੀਤੀ ਗਈ। ਇਸ ਉਪਰੰਤ @ ਭਾਰਤੀਯ ਸਮਾਨਤਾ ਸੰਗਠਨ @ ਦੇ ਚੈਅਰਮੈਨ ਵਜੋਂ ਜਸਵੰਤ ਸਿੰਘ ਸੰਤ, ਪ੍ਰਧਾਨ ਦੀਪਕ ਕੁਮਾਰ, ਰਾਜਵਿੰਦਰ ਸਿੰਘ ਰੈਹਲ ਸੀਨੀਅਰ ਮੀਤ ਪ੍ਰਧਾਨ ਵਜੋਂ ਚੋਣ ਸਰਵ ਸਮੰਤੀ ਨਾਲ ਕੀਤੀ ਗਈ। ਇਸ ਦੌਰਾਨ ਚੈਅਰਮੈਨ ਅਤੇ ਪ੍ਰਧਾਨ ਤੇ ਸੀਨੀਅਰ ਮੀਤ ਪ੍ਰਧਾਨ ਚੁਣੇ ਜਾਣ ਮਗਰੋਂ ਜਸਵੰਤ ਸਿੰਘ ਸੰਤ ਤੇ ਦੀਪਕ ਕੁਮਾਰ ਅਤੇ ਰਾਜਵਿੰਦਰ ਸਿੰਘ ਰੈਹਲ ਨੇ ਸਾਂਝੇ ਤੌਰ ਤੇ ਕਿਹਾ ਕਿ ਅਜ਼ਾਦੀ ਦੇ 74 ਸਾਲ ਬੀਤ ਗਏ ਪਰ ਅੱਜ ਵੀ ਸਮਾਜ ਦੇ ਗਰੀਬ ਤੇ ਮੱਧ ਵਰਗੀ ਪਰਿਵਾਰ, ਬੇ-ਰੁਜ਼ਗਾਰੀ ਅਤੇ ਆਰਥਿਕ ਸਮੱਸਿਆਵਾਂ, ਅਨੇਕਾਂ ਸਹੂਲਤਾਂ ਸਬੰਧੀ ਜੂਝਦੇ ਆ ਰਹੇ ਹਨ ਉਤੋਂ ਦਿਨ-ਪ੍ਰਤੀ-ਦਿਨ ਮਹਿੰਗਾਈ ਵਿੱਚ ਹੋ ਰਿਹਾ ਵਾਧਾ ਇਹਨਾਂ ਪਰਿਵਾਰਾਂ ਲਈ ਵੱਡੀ ਸਮੱਸਿਆ ਤੇ ਪ੍ਰਸ਼ਾਨੀ ਦਾ ਸਬੱਬ ਬਣਿਆ ਹੋਇਆ ਹੈ। ਇਨ੍ਹਾਂ ਸਮੱਸਿਆਵਾਂ ਤੋਂ ਲੋਕਾਂ ਨੂੰ ਮੁਕਤੀ ਦਿਵਾਉਣ ਲਈ ਸਾਰਥਕ ਨਤੀਜੇ ਦੇਣ ਵਾਲੇ ਕਦਮ ਨਹੀਂ ਚੁੱਕੇ ਜਾ ਰਹੇ।

ਭਾਰਤੀਯ ਸਮਾਨਤਾ ਸੰਗਠਨ ਵੱਲੋਂ ਕੀਤੇ ਜਾਣ ਵਾਲੇ ਕਾਰਜਾਂ ਸਬੰਧੀ ਦੱਸਦਿਆਂ ਉਨ੍ਹਾਂ ਕਿਹਾ ਕਿ ਨੌਜਵਾਨ ਵਰਗ ਤੇ ਮਹਿਲਾ ਵਰਗ ਨੂੰ ਆਤਮ ਨਿਰਭਰ ਬਣਾਉਣ ਲਈ ਨਿੱਜੀ ਖੇਤਰ ਵਿੱਚ ਕਿੱਤਾ ਮੁੱਖੀ ਸਵੈ-ਰੋਜ਼ਗਾਰ ਦੀ ਪ੍ਰਾਪਤੀ ਲਈ ਕਾਰਜ ਕਰਨੇ, ਕੱਚੇ ਮਕਾਨਾਂ ਵਿੱਚ ਰਹਿ ਰਹੇ ਅਤੇ ਸਾਲਾਂ ਤੋਂ ਕਿਰਾਏਦਾਰ ਤੌਰ ਤੇ ਜੀਵਨ ਬਤੀਤ ਕਰਨ ਵਾਲੇ, ਬੇਜਮੀਨੇ ਸੰਘਰਸ਼ ਤੇ ਮਾਰਗ ਦਰਸ਼ਨ ਕਰਨਾ ਵੀ ਸੰਸਥਾ ਦੇ ਏਜੰਡੇ ਵਿੱਚ ਸ਼ਾਮਲ ਹੈ। ਉਨ੍ਹਾਂ ਦੱਸਿਆ ਕਿ ਸੰਸਥਾ ਦਾ ਮੁੱਖ ਉਦੇਸ਼ ਸਮਾਜ ਦੀ ਬਿਹਤਰੀ ਲਈ ਕਾਰਜ ਕਰਨਾ ਹੈ।ਇਨ੍ਹਾਂ ਤੋਂ ਇਲਾਵਾ ਅਮਜੀਤ ਸਿੰਘ ਢੀਂਡਸਾ, ਜਨਰਲ ਸਕੱਤਰ ਸਰਵਜੀਤ ਸਿੰਘ, ਸੰਯੁਕਤ ਸਕੱਤਰ ਬਲਜਿੰਦਰ ਸਿੰਘ, ਪ੍ਰਚਾਰ ਸਕੱਤਰ ਹਰਮਨਜੀਤ ਸਿੰਘ, ਜਸਵੰਤ ਕੌਰ ਸਕੱਤਰ, ਰਾਹੁਲ ਬਾਵਾ ਮੁੱਖ ਸਲਾਹਕਾਰ, ਸੁਰਿੰਦਰ ਕੌਰ ਸਲਾਹਕਾਰ, ਵਿਸ਼ਾਖਾ ਸਿੰਘ, ਸੁਖਦੇਵ ਸਿੰਘ, ਸੁਰਿੰਦਰ ਕੁਮਾਰ, ਕੁਲਵਿੰਦਰ ਸਿੰਘ, ਮੁੱਖ ਕਾਰਜਕਾਰੀ ਮੈਂਬਰ ਚੁਣੇ ਗਏ।

# ਪਹਿਲੇ ਸਥਾਨ ਤੇ ਆਉਣ ਵਾਲੀ ਧੀ ਨੂੰ ਸੱਗੀ ਫੁੱਲ,ਨਕਦ ਇਨਾਮ ਅਤੇ ਪਿੱਤਲ ਦੇ ਭਾਂਡੇ

**ਗੁਰਦਾਸਪੁਰ/ਨਵਨੀਤ ਕੁਮਾਰ:-** ਵਿਰਾਸਤੀ ਰਿਸ਼ਤਿਆਂ ਦੀ ਸਤਰੰਗੀ ਪੀਂਘ ਨੂੰ ਸਾਂਬਣ ਵਾਲਾ ਧੀਆਂ-ਧਿਆਣੀਆਂ ਦਾ ਵਿਸ਼ਵ ਭਰ @ਚ ਵਿਲੱਖਣ ਪਛਾਣ ਬਣਾਉਣ ਵਾਲਾ ਮੁਕਾਬਲਾ ਸੁਨੱਖੀ ਪੰਜਾਬਣ ਮੁਟਿਆਰ ਲੋਕ ਸੱਭਿਆਚਾਰਕ ਪਿੜ (ਰਜਿ:) ਗੁਰਦਾਸਪੁਰ ਵੱਲੋਂ ਰਾਮ ਸਿੰਘ ਦੱਤ ਹਾਲ ਦੇ ਵਿੱਚ 26 ਮਾਰਚ ਨੂੰ ਕਰਵਾਇਆ ਜਾ ਰਿਹਾ ਹੈ । ਪਿੜ ਵਿੱਚ ਧੀਆਂ ਦੀ ਆਮਦ ਆਉਣ ਲਈ ਮੁਕਾਬਲੇ ਦੀਆਂ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਪਿੜ ਕੁਨਬੇ ਵੱਲੋਂ ਚੱਲ ਰਹੀਆਂ ਹਨ। ਪਿੜ ਪ੍ਰਧਾਨ ਤੇ ਭੰਗੜਾ ਕੋਚ ਜੈਕਬ ਤੇਜਾ ਨੇ ਜਾਣਕਾਰੀ ਦੇਂਦੇ ਹੋਏ ਦੱਸਿਆ ਕਿ ਮੁਕਾਬਲੇ ਵਿੱਚੋਂ ਪਹਿਲੇ ਸਥਾਨ ਤੇ ਆਉਣ ਵਾਲੀ ਪੰਜਾਬਣ ਮੁਟਿਆਰ ਨੂੰ ਸੱਗੀ ਫੁੱਲ ਤੇ ਨਗਦ ਇਨਾਮ,ਪਿੱਤਲ ਦੇ ਭਾਂਡਿਆਂ ਵਾਲੀ ਟਰਾਫੀ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਜਾਵੇਗਾ।ਦੂਜੇ ਸਥਾਨ ਵਾਲੀ ਮੁਟਿਆਰ ਨੂੰ ਬੁਗਤੀਆਂ ਤੇ ਨਗਦ ਇਨਾਮ ਅਤੇ ਟਰਾਫੀ ਸਰਟੀਫਿਕੇਟ ਦਿੱਤਾ ਜਾਵੇਗਾ ,ਤਿਜੇ ਸਥਾਨ ਵਾਲੀ ਮੁਟਿਆਰ ਨੂੰ ਟਿੱਕਾ ਨਗਦ ਇਨਾਮ ਅਤੇ ਟਰਾਫੀ ਸਰਟੀਫਿਕੇਟ ਦੇ ਸਤਿਕਾਰਿਆ ਜਾਵੇਗਾ।ਇਸ ਤੋਂ ਇਲਾਵਾ ਲੰਮ ਸਲੰਮੀ ਮੁਟਿਆਰ, ਸ਼ਰਮੀਲੀਆਂ ਅੱਖਾਂ, ਗਿੱਧਿਆਂ ਦੀ ਮੇਲਣ, ਮੋਰਨੀ ਵਰਗੀ ਧੌਣ, ਸਿਆਣੀ ਮੁਟਿਆਰ, ਮੜ੍ਹਕ ਨਾਲ ਤੁਰਨਾ, ਸੋਹਣਾ ਪੰਜਾਬੀ ਪਹਿਰਾਵਾ, ਦੰਦ ਚੰਬੇ ਦੀਆਂ ਕਲੀਆਂ, ਸੱਪਣੀ ਵਰਗੀ ਗੁੱਤ, ਮੁੱਖੜਾ ਚੰਨ ਵਰਗਾ, ਸੋਹਣੇ ਗਹਿਣੇ, ਮਿੱਠੀ ਪੰਜਾਬੀ ਬੋਲੀ, ਚੰਗੀ ਮੰਚ ਪੇਸ਼ਕਾਰੀ ਦੇ ਖਿਤਾਬ ਦਿੱਤੇ ਜਾਣਗੇ।ਹਰ ਮੁਟਿਆਰ ਨੂੰ ਸਰਟੀਫਿਕੇਟ ਦਿੱਤਾ ਜਾਵੇਗਾ। ਜੈਕਬ ਤੇਜਾ ਨੇ ਕਿਹਾ ਕਿ ਮੁਕਾਬਲੇ ਵਿੱਚ ਭਾਗ ਲੈਣ ਦੀਆਂ ਚਾਹਵਾਨ ਮੁਟਿਆਰ ਦੀ 16 ਤੋਂ 32 ਸਾਲ ਦੀ ਉਮਰ ਤੱਕ ਦੀ ਹੈ।ਮੁਟਿਆਰ ਨੂੰ ਖੁੱਲਾ ਸੱਦਾ ਹੈ।ਮੁਕਾਬਲੇ ਵਿੱਚ ਭਾਗ ਲੈਣ ਵਾਲੀ ਮੁਟਿਆਰਾਂ ਕੋਲੋਂ ਕੋਈ ਵੀ ਕਿਸੇ ਕਿਸਮ ਦੀ ਦਾਖਲਾ ਫੀਸ ਨਹੀਂ ਲਈ ਜਾਵੇਗੀ।ਫੇਸ ਬੁੱਕ ਜੈਕਬ ਤੇਜਾ ਤੋਂ ਸਾਰੇ ਮੁਕਾਬਲੇ ਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।



# ਭਾਈ ਘਨੱ੍ਹਈਆ ਜੀ ਮਿਸਨ ਸੇਵਾ ਸੁਸਾਇਟੀ ਵੱਲੋਂ ਹੋਲਾ ਮਹੱਲਾ ਤੇ ਖੂਨਦਾਨ ਕੈਂਪ ਲਗਾਇਆ







## ਖੂਨ-ਦਾਨ ਮਨੁੱਖਤਾ ਦੀ ਸੱਭ ਤੋਂ ਵੱਡੀ ਸੇਵਾ- ਸੰਤ ਪੁਪਿੰਦਰ ਸਿੰਘ

**ਲੁਧਿਆਣਾ/ਕਰਨੈਲ ਸਿੰਘ ਐਮ.ਏ**
ਹੋਲੇ ਮਹੱਲੇ ਦੇ ਕੌਮੀ ਤਿਉਹਾਰ ਤੇ ਮਨੁੱਖੀ ਕਾਰਜਾਂ ਨੂੰ ਸਮਰਪਿਤ ਸੰਸਥਾਂ ਭਾਈ ਘੱਨ੍ਹਈਆ ਜੀ ਮਿਸਨ ਸੇਵਾ ਸੁਸਾਇਟੀ ਵੱਲੋਂ 512ਵਾ ਮਹਾਨ ਖੂਨਦਾਨ ਕੈਂਪ ਤੇਰਾ ਆਸਾ ਵੈਲਫੇਅਰ ਸੁਸਾਇਟੀ ਦੇ ਫਾਉਂਡਰ ਅਤੇ ਸਰਪ੍ਰਸਤ ਸੰਤ ਬਾਬਾ ਪੁਪਿੰਦਰ ਸਿੰਘ ਦੇ ਸਹਿਯੋਗ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਲਗਾਇਆ ਗਿਆ। ਇਸ ਖੂਨਦਾਨ ਕੈਂਪ ਦਾ ਉਦਘਾਟਨ ਭਾਈ ਘੱਨ੍ਹਈਆ ਜੀ ਮਿਸਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਕੀਤਾ।ਇਸ ਮੌਕੇ ਸੰਤ ਬਾਬਾ ਪੁਪਿੰਦਰ ਸਿੰਘ ਵਲੋਂ ਭੇਜਿਆ ਸੰਦੇਸ ਸਾਂਝਾ ਕਰਦਿਆਂ ਜਥੇਦਾਰ ਨਿਮਾਣਾ ਨੇ ਕਿਹਾ ਕਿ ਖੂਨਦਾਨ ਕੈਂਪ ਰਾਹੀਂ ਕਈ ਕੀਮਤੀ ਮਨੁੱਖੀ ਜਿ?ਦਗੀਆਂ ਨੂੰ ਬਚਾ ਸਕਦੇ ਹਾਂ ਬਹੁਤ ਮਹਾਨ ਕਾਰਜ ਹੈ ਖੂਨਦਾਨ ਮਨੁੱਖਤਾ ਦੀ ਸੱਭ ਤੋਂ ਵੱਡੀ ਸੇਵਾ ਹੈ। ਇਸ ਸਮੇਂ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਕਿਹਾ ਕਿ ਸ਼੍ਰੋਮਣੀ ਭਗਤ ਨਾਮਦੇਵ ਜੀ ਦੇ ਦਸੇ ਮਾਰਗ ਦਰਸ਼ਨ ਤੇ ਚੱਲਦਿਆਂ ਤੇਰਾ ਆਸਾ ਵੈੱਲਫੇਅਰ ਵੱਲੋਂ ਮਨੁੱਖਤਾ ਦੇ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਅਤੇ ਲਗਾਏ ਗਏ ਮਹਾਨ ਖੂਨਦਾਨ ਕੈਂਪ ਦੀ ਸਲਾਘਾ ਕੀਤੀ। ਇਸ ਮੌਕੇ ਤੇ ਭਾਈ ਘੱਨ੍ਹਈਆ ਜੀ ਮਿਸਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਖੂਨਦਾਨੀਆਂ ਨੂੰ ਸਰਟੀਫਿ?ਕੇਟ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਅਤੇ ਦੱਸਿਆ ਕਿ ਖੂਨਦਾਨ ਕੈਂਪ ਦੌਰਾਨ 200 ਬਲੱਡ ਯੂਨਿਟ ਗੁਰਦੇਵ ਹਸਪਤਾਲ ਅਤੇ ਪਾਰਵਤੀ ਹਸਪਤਾਲ ਅੰਮ੍ਰਿਤਸਰ ਦੀ ਟੀਮ ਨੇ ਇਕੱਤਰ ਕੀਤੇ। ਅਤੇ ਇਕਤਰ ਕੀਤਾ ਗਿਆ ਬਲੱਡ ਲੋੜਵੰਦ ਮਰੀਜਾਂ ਨੂੰ ਨਿਸਕਾਮ ਰੂਪ ਵਿਚ ਲੈਕੇ ਦਿਤਾ ਜਾਵੇਗਾ। ਇਸ ਮੌਕੇ ਰਘਬੀਰ ਸਿੰਘ,ਸਰਬਜੀਤ ਸਿੰਘ ਸੋਹਲ,ਬਾਬਾ ਗੁਰਦੌਰ ਸਿੰਘ,ਜਤਿੰਦਰ ਸਿੰਘ ਪਲਾਹਾ,ਲਵਪ੍ਰੀਤ ਸਿੰਘ ਬਰਨਾਲਾ ਆਦਿ ਹਾਜਰ ਸਨ।

# ਮਿਲਾਵਟਖੋਰੀ ਵਿਰੁੱਧ ਜਾਗਰੂਕਤਾ ਮਾਰਚ 'ਸ਼ੁੱਧ ਲਈ ਯੁੱਧ' ਮਥੁਰਾ ਕਲੋਨੀ ਤੋਂ 22 ਨੂੰ ਕੱਢਿਆ ਜਾਵੇਗਾ

**ਪਟਿਆਲਾ/ਜਗਦੀਸ਼:-** ਯੁਵਾ ਏਕਤਾ ਸਰਵਹਿੱਤ ਮੰਚ ਵੱਲੋਂ ਸਮਾਜ ਦੀ ਸਿਹਤ ਤੰਦਰੁਸਤੀ ਹਿੱਤ ਵਿੱਚ ਮਿਲਾਵਟਖੋਰੀ ਵਿਰੁੱਧ ਜਾਗਰੁਕਤਾ ਮਾਰਚ @ ਸ਼ੁੱਧ ਲਈ ਯੁੱਧ @ ਸ਼ਲੋਗਨ ਨਾਲ 22 ਮਾਰਚ ਨੂੰ ਮਥੁਰਾ ਕਲੋਨੀ ਸ਼ਾਮ 4 ਵਜੇ ਤੋਂ ਕੱਢ ਕੇ ਅਭਿਆਨ ਦੀ ਸ਼ੁਰੂਆਤ ਕੀਤੀ ਜਾਵੇਗੀ। ਜਿੱਥੇ ਕਿ ਗਲੀਆਂ ਮੁਹੱਲਿਆਂ ਵਿਚ ਫਲੈਕਸਾਂ ਅਤੇ ਸਾਉਂਡ ਸਿਸਟਮ ਰਾਹੀਂ ਮਿਲਾਵਟ ਤੋਂ ਬਚਾਅ ਸਬੰਧੀ ਰਹਿੰਦੇ ਪਰਿਵਾਰਾਂ ਨੂੰ ਸੁਨੇਹੇ ਦਿੱਤੇ ਜਾਣਗੇ। ਪ੍ਰੈਸ ਬਿਆਨ ਰਾਹੀਂ ਉਕਤ ਜਾਣਕਾਰੀ ਦਿੰਦਿਆਂ ਮੰਚ ਦੇ ਪ੍ਰਧਾਨ ਹਿੰਮਾਸ਼ੂ ਵਡੇਰਾ ਨੇ ਦੱਸਿਆ ਕਿ ਮਿਲਾਵਟਖੋਰੀ ਦੀ ਸਮੱਸਿਆ ਬਹੁਤ ਪੁਰਾਣੀ ਹੋ ਚੁੱਕੀ ਹੈ, ਸਮੇਂ -ਸਮੇਂ ਤੇ ਛਾਪੇਮਾਰੀਆਂ ਕਰ ਵੱਖ-ਵੱਖ ਪਦਾਰਥਾਂ ਦੇ ਨਮੂਨੇ ਵੀ ਲਏ ਜਾਂਦੇ ਹਨ, ਪਰ ਇਸ ਦਾ ਮੁਕੰਮਲ ਖਾਤਮਾ ਹੋਣਾ ਬਾਕੀ ਹੈ



ਮਿਲਾਵਟਖੋਰੀ ਦੇ ਖਾਤਮੇ ਲਈ ਸਾਨੂੰ ਖੁਦ ਨੂੰ ਵੀ ਅਹਿਮ ਭੂਮਿਕਾ ਨਿਭਾਉਣੀ ਚਾਹੀਦੀ ਹੈ। ਅੱਜ ਲੋਕ ਅਨੇਕਾਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ, ਜਿਸਦਾ ਇੱਕ ਕਾਰਨ ਮਿਲਾਵਟਖੋਰੀ ਵੀ ਹੈ, ਜਿਸ ਨਾਲ ਲਿਵਰ, ਪੇਟ ਰੋਗ, ਅੱਖਾਂ ਦੇ ਰੋਗ, ਤੇ ਕੈਂਸਰ ਵਰਗੀਆਂ ਜਾਨਲੇਵਾ ਬਿਮਾਰੀਆਂ ਨਾਲ ਲੋਕ ਜੂੱਝ ਰਹੇ ਹਨ। ਖਾਦ ਪਦਾਰਥਾਂ ਵਿੱਚ ਮਿਲਾਵਟ ਇੱਕ ਮਿੱਠਾ ਜ਼ਹਿਰ ਹੈ। ਜਿਹੜਾ ਕਿ ਹੌਲੀ-ਹੌਲੀ ਮਨੁੱਖੀ ਸ਼ਰੀਰਾਂ ਵਿੱਚ ਬਿਮਾਰੀਆਂ ਪੈਦਾ ਕਰਦਾ ਹੈ। ਇਸ ਲਈ ਹਰ ਇੱਕ ਪਰਿਵਾਰ ਦਾ ਮਿਲਾਵਟ ਪ੍ਰਤੀ ਜਾਗਰੂਕ ਰਹਿਣਾ ਬਹੁਤ ਜ਼ਰੂਰੀ। ਪ੍ਰਧਾਨ ਵਡੇਰਾ ਨੇ ਇਸ ਜਾਗਰੂਕਤਾ ਮਾਰਚ @ ਸ਼ੁੱਧ ਲਈ ਯੁੱਧ @ ਨਾਲ ਜੁੜਨ ਦੀ ਸ਼ਹਿਰ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਮਿਲਾਵਟ ਤੇ ਕੱਸ ਕੇ ਲਗਾਮ ਪਾਉਣੀ ਹੈ ਤਾਂ ਸਾਨੂੰ ਇੱਕਜੁੱਟ ਹੋ ਕੇ ਹੰਭਲਾ ਮਾਰਨਾ ਹੀ ਪਵੇਗਾ ਤਾਂ ਜੋ ਭਿਆਨਕ ਰੋਗਾਂ ਤੋਂ ਲੋਕਾਂ ਨੂੰ ਬਚਾ ਕੇ ਸਮਾਜ ਨੂੰ ਤੰਦਰੁਸਤ ਤੇ ਖੁਸ਼ਹਾਲ ਬਣਾਇਆ ਜਾ ਸਕੇ।

# ਮਾਣਕ ਸੁਰਜੀਤ ਦੇ ਗੀਤ 'ਲਵ ਮੈਰਿਜ' ਨੂੰ ਮਿਲਿਆ ਭਰਵਾਂ ਹੁੰਗਾਰਾ

**ਮੋਗਾ/ਦਵਿੰਦਰ ਬਿੱਟੂ:-** ਪੰਜਾਬੀ ਸੰਗੀਤਕ ਖੇਤਰ ਚ ਗਾਇਕੀ ਦੇ ਥੰਮ ਦੇ ਨਾਂ ਨਾਲ ਜਾਣੇ ਜਾਂਦੇ ਸਵ : ਕੁਲਦੀਪ ਮਾਣਕ ਦਾ ਲਾਡਲਾ ਸ਼ਾਗਿਰਦ ਆਪਣੇ ਸੱਭਿਅਕ ਗੀਤ ÷ਬਦਲ ਰਿਹਾ ਪੰਜਾਬ, ਬਾਬਲ ਦੀ ਪੱਗ, ਸਾਡੇ ਹੱਕ ਆਦਿ ਗੀਤਾਂ ਨਾਲ ਆਪਣੀ ਵੱਖਰੀ ਪਹਿਚਾਣ ਬਣਾਉਣ ਵਾਲਾ ਸੁਰੀਲਾ ਗਾਇਕ ਮਾਣਕ ਸੁਰਜੀਤ ਆਪਣੇ ਨਵੇਂ ਗੀਤ.÷ ਲਵ ਮੈਰਿਜ ਨਾਲ ਸਰੋਤਿਆਂ ਦੀ ਕਚਹਿਰੀ ਚ ਫਿਰ ਪੇਸ਼ ਹੋਇਆ ਹੈ ਜਿਥੇ ਸਰੋਤਿਆਂ ਵੱਲੋਂ ਇਸ ਗੀਤ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ । ਇਸ ਗੀਤ ਸਬੰਧੀ ਜਾਣਕਾਰੀ ਦਿੰਦਿਆਂ ਗਾਇਕ ਮਾਣਕ ਸੁਰਜੀਤ ਨੇ ਦੱਸਿਆ ਕਿ ਲਵ ਮੈਰਿਜ ਗੀਤ ਨੂੰ ਗਰੀਨ ਸਟਾਰ ਇੰਟਰਟੇਨਮੈਂਟ ਕੰਪਨੀ ਦੇ ਪ੍ਰੋਡਿਊਸਰ ਇੰਦਾਂ ਲੁਧਿਆਣੇ ਵੱਲੋਂ ਵੱਡੇ ਪੱਧਰ ਤੇ ਰਿਲੀਜ਼ ਕੀਤਾ ਗਿਆ ਹੈ ।ਉਨਾਂ ਕਿਹਾ ਕਿ ਇਸ ਗੀਤ ਚ ਪੰਜਾਬ ਦੀ ਸੁਰੀਲੀ ਗਾਇਕਾ ਪਵਨਦੀਪ ਕੌਰ ਨੇ ਸਹਿ ਗਾਇਕਾ ਵਜੋਂ ਬਾ ਕਮਾਲਗੀ ਨਾਲ ਗਾਇਆ ਹੈ । ਇਸ ਗੀਤ ਨੂੰ ਕਲਮਬੱਧ ਉੱਘੇ ਗੀਤਕਾਰ ਕਾਕਾ ਜਾਗੋਵਾਲੀਆ ਨੇ ਕੀਤਾ ਹੈ ਅਤੇ ਇਸ ਗੀਤ ਨੂੰ ਸੁਰਾਂ ਨਾਲ ਖੁਦ ਮਾਣਕ ਸੁਰਜੀਤ ਨੇ ਸ਼ਿੰਗਾਰਿਆ ਹੈ । ਅਖੀਰ ਚ ਮਾਣਕ ਸੁਰਜੀਤ ਨੇ ਇਸ ਗੀਤ ਚ ਵਿਸ਼ੇਸ਼ ਤੌਰ ਤੇ ਸਹਿਯੋਗੀ ਰਹੇ ਇਕਬਾਲ ਦੀਪ ਅਤੇ ਸਵਰਨ ਸਹੋਲੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਰੱਬ ਰੂਪ ਸਰੋਤਿਆਂ ਦਾ ਸਦਾ ਹੀ ਰਿਣੀ ਜਿਨਾਂ ਮੇਰੇ ਹਰ ਗੀਤ ਦੀ ਤਰ੍ਹਾਂ ਇਸ ਗੀਤ ਨੂੰ ਵੀ ਭਰਪੂਰ ਸੰਨੇਹ ਪਿਆਰ ਦੇ ਰਹੇ ਹਨ ।




# ਮਰਹੂਮ ਸੰਦੀਪ ਨੰਗਲ ਅੰਬੀਆਂ ਦੀ ਯਾਦ ਵਿੱਚ ਇੱਕ ਮੋਮਬੱਤੀ ਮਾਰਚ ਕੱਢ ਕੇ ਕਬੱਡੀ ਖਿਡਾਰੀਆਂ ਅਤੇ ਸਪੋਰਟਸ ਕਲੱਬਾਂ ਦੇ ਮੈਂਬਰਾਂ ਨੇ ਨਿੱਘੀ ਸ਼ਰਧਾਂਜ਼ਲੀ ਭੇਟ ਕੀਤੀ



**ਰਾਏਕੋਟ/ਗੋਗੀ**
ਕੌਮਾਂਤਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦੇ ਬੀਤੇ ਦਿਨੀ ਦਿਨ ਦਿਹਾੜੇ ਹੋਏ ਕਤਲ ਦੇ ਮਾਮਲੇ ਨੂੰ ਲੈ ਕੇ ਇਲਾਕੇ ਦੇ ਨੌਜਵਾਨਾਂ ਵਿੱਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ। ਇਸ ਤਹਿਤ ਇਲਾਕੇ ਦੇ ਸੈਂਕੜੇ ਗਿਣਤੀ ਨੌਜਵਾਨਾਂ (ਜਿੰਨ੍ਹਾਂ ਵਿੱਚ ਇਲਾਕੇ ਦੇ ਕਬੱਡੀ ਖਿਡਾਰੀਆਂ ਅਤੇ ਸਪੋਰਟਸ ਕਲੱਬਾਂ ਮੈਂਬਰਾਂ ) ਆਦਿ ਸ਼ਾਮਲ ਸਨ, ਨੇ ਸ਼ਹਿਰ ਦੇ ਜਰਨੈਲ ਹਰੀ ਸਿੰਘ ਨਲਵਾ ਚੌਂਕ ਵਿੱਚ ਇਕੱਠੇ ਹੋ ਕੇ ਮਰਹੂਮ ਸੰਦੀਪ ਨੰਗਲ ਅੰਬੀਆਂ ਦੀ ਯਾਦ ਵਿੱਚ ਇੱਕ ਮੋਮਬੱਤੀ ਮਾਰਚ ਕੱਢ ਕੇ ਜਿੱਥੇ ਸੰਦੀਪ ਨੂੰ ਨਿੱਘੀ ਸ਼ਰਧਾਂਜ਼ਲੀ ਭੇਟ ਕੀਤੀ ਉੱਥੇ ਸਰਕਾਰ ਤੋਂ ਮੰਗ ਕੀਤੀ ਕਿ ਸੰਦੀਪ ਦੇ ਕਾਤਲਾਂ ਨੂੰ ਛੇਤੀ ਤੋਂ ਛੇਤੀ ਕਾਬੂ ਕਰਕੇ ਪਰਿਵਾਰ ਨੂੰ ਇੰਸਾਫ ਦਿੱਤਾ ਜਾਵੇ। ਇਸ ਮੌਕੇ ਸਾਹਿਬਜ਼ਾਦਾ ਅਜੀਤ ਸਿੰਘ ਸਪੋਰਟਸ ਕਲੱਬ ਪਿੰਡ ਬੁਰਜ ਹਰੀ ਸਿੰਘ ਦੇ ਪ੍ਰਧਾਨ ਗਗਨਦੀਪ ਸਿੰਘ ਧਾਲੀਵਾਲ, ਬੀ.ਕੇ.ਯੂ (ਉਗਰਾਹਾਂ) ਦੇ ਬਲਾਕ ਪ੍ਰਧਾਨ ਗੁਰਪ੍ਰੀਤ ਸਿੰਘ ਨੂਰਪੁਰਾ ਅਤੇ ਕਬੱਡੀ ਖਿਡਾਰੀ ਸਰਪੰਚ ਬੁਰਜ ਹਰੀ ਸਿੰਘ ਨੇ ਸੰਦੀਪ ਨੰਗਲ ਅੰਬੀਆਂ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸੰਦੀਪ ਦੇ ਜਾਣ ਨਾਲ ਕਬੱਡੀ ਨੂੰ ਜਿੱਥੇ ਵੱਡਾ ਘਾਟਾ ਪਿਆ ਹੈ ਉੱਥੇ ਪਰਿਵਾਰ ਦਾ ਇੱਕ ਹੋਣਹਾਰ ਪੁੱਤਰ ਅਤੇ ਦੋ ਛੋਟੇ ਬੱਚਿਆਂ ਦਾ ਪਿਤਾ ਉਨ੍ਹਾਂ ਤੋਂ ਸਦਾ ਲਈ ਦੂਰ ਚਲਾ ਗਿਆ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਸੰਦੀਪ ਦੇ ਕਾਤਲਾਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ ਅਤੇ ਬਣਦੀ ਸਜ਼ਾ ਦਿਵਾ ਕੇ ਪਰਿਵਾਰ ਨੂੰ ਇੰਸਾਫ਼ ਦਿੱਤਾ ਜਾਵੇ। ਇਸ ਮੌਕੇ ਵੱਡੀ ਗਿਣਤੀ 'ਚ ਨੌਜਵਾਨਾਂ ਵਲੋਂ ਸ. ਹਰੀ ਸਿੰਘ ਨਲਵਾ ਚੌਂਕ ਤੋਂ ਲੈ ਕੇ ਸ਼ਹਿਰ ਦੇ ਤਲਵੰਡੀ ਗੇਟ ਤੱਕ ਇਕ ਲੰਬਾ ਮੋਮਬੱਤੀ ਮਾਰਚ ਵੀ ਕੱਢਿਆ ਗਿਆ। ਮੋਮਬੱਤੀ ਮਾਰਚ ਵਿੱਚ ਹੋਰਨਾਂ ਤੋਂ ਇਲਾਵਾ ਕਬੱਡੀ ਖਿਡਾਰੀ ਗੋਰੂ ਗਿੱਲ, ਜੈਜੀ ਗਿੱਲ, ਕਾਕਾ ਧਾਲੀਵਾਲ, ਬਾਬੇ ਸ਼ਹੀਦ ਕਲੱਬ ਬੱਸੀਆਂ ਤੋਂ ਸੰਦੀਪ ਸਿੰਘ ਬੱਸੀਆਂ, ਜਾਨੂੰ ਬੱਸੀਆਂ, ਅਮ੍ਰਿਤ ਚੀਮਾਂ, ਡਿੱਪੀ ਧਾਲੀਵਾਲ, ਰਿੰਪੀ ਧਾਲੀਵਾਲ, ਬੱਚੀ ਅੱਚਰਵਾਲ, ਦੀਪ ਸਿੰਘ ਅੱਚਰਵਾਲ, ਨੂਰਾ ਮਾਹੀ ਸਪੋਰਟਸ ਕਲੱਬ ਤਲਵੰਡੀ ਰਾਏ, ਮਨਜਿੰਦਰ ਸਿੰਘ, ਤਨਵੀਰ ਸਿੰਘ, ਸੁਖਵੀਰ ਸਿੰਘ ਰਾਏ, ਜਗਤਾਰ ਸਿੰਘ ਸੰਤ, ਮਨੀ ਗਿੱਲ, ਅਮਨਜੋਤ ਸਿੰਘ ਤਲਵੰਡੀ, ਯੰਗ ਸਪੋਰਟਸ ਕਲੱਬ ਰਾਏਕੋਟ, ਸ੍ਰੀ ਗੁਰੂ ਗੋਬਿੰਦ ਸਿੰਘ ਸਪੋਰਟਸ ਕਲੱਬ ਰਾਏਕੋਟ ਦੇ ਮੈਂਬਰਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਬੱਡੀ ਖਿਡਾਰੀ ਅਤੇ ਨੌਜਵਾਨ ਸ਼ਾਮਲ ਸਨ।

# ਸੰਦੀਪ ਨੰਗਲ ਅੰਬੀਆਂ ਦੇ ਕਤਲ ਨਾਲ ਕਬੱਡੀ ਜਗਤ ਗਹਿਰੇ ਸਦਮੇ ਵਿੱਚ : ਕਾਲਾ ਬਾਗੜੀਆਂ

**ਭੁਲੱਥ/ਧਵਨ**

ਬੀਤੇ ਦਿਨੀ ਪਿੰਡ ਮੱਲ੍ਹੀਆਂ ਖੁਰਦ 'ਚ ਇਕ ਚੱਲਦੇ ਕਬੱਡੀ ਟੂਰਨਾਮੈਂਟ ਦੌਰਾਨ ਅਣਪਛਾਤੇ ਵਿਅਕਤੀਆਂ ਵੱਲੋਂ ਕਬੱਡੀ ਦੇ ਚਮਕਦੇ ਸਿਤਾਰੇ ਸੰਦੀਪ ਨੰਗਲ ਅੰਬੀਆਂ 'ਤੇ ਅੰਨ੍ਹੇਵਾਹ ਗੋਲੀਆਂ ਵਰ੍ਹਾਉਦੇ ਕਤਲ ਕਰ ਦਿੱਤਾ ਗਿਆ। ਇਹ ਦਰਦਨਾਕ ਘਟਨਾਂ ਨੇ ਕੇਵਲ ਪਰਿਵਾਰ ਨਹੀ ਕਬੱਡੀ ਜਗਤ ਨੂੰ ਭਾਵੁਕ ਕਰ ਦਿੱਤਾ ਅਤੇ ਇਕ ਨਾ ਪੂਰਾ ਹੋਣ ਵਾਲਾ ਨੁਕਸਾਨ ਮਾਂ ਖੇਡ ਕਬੱਡੀ ਨੂੰ ਹੋਇਆ। ਅੱਜ ਸੰਦੀਪ ਦਾ ਉਸਦੇ ਪਿੰਡ ਵਿਖੇ ਅੰਤਿਮ ਸੰਸਕਾਰ ਕਰ ਦਿੱਤਾ ਤੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਏ ਭੁਲੱਥ ਤੋ ਕਬੱਡੀ ਖਿਡਾਰੀ ਤੇ ਕਬੱਡੀ ਪ੍ਰਮੋਟਰ ਬਲਵਿੰਦਰ ਸਿੰਘ ਕਾਲਾ ਬਾਗੜੀਆਂ ਨੇ ਕਿਹਾ ਕਿ ਸੰਦੀਪ ਨੰਗਲ ਅੰਬੀਆਂ ਦੇ ਕਤਲ ਨਾਲ ਕਬੱਡੀ ਜਗਤ ਗਹਿਰੇ ਸਦਮੇ ਵਿੱਚ ਹੈ। ਉਨ੍ਹਾਂ ਕਿਹਾ ਕਿ ਸੰਦੀਪ ਪੰਜਾਬ ਦੀ ਮਾਂ ਖੇਡ ਕਬੱਡੀ ਦਾ ਅੰਤਰਰਾਸ਼ਟਰੀ ਖਿਡਾਰੀ ਸੀ ਤੇ ਕਾਫੀ ਸੰਘਰਸ਼ ਤੇ ਮਿਹਨਤ ਤੋ ਬਾਅਦ ਕਬੱਡੀ ਵਿੱਚ ਨਾਮ ਕਮਾਇਆ ਸੀ। ਕਾਲਾ ਬਾਗੜੀਆਂ ਨੇ ਸੰਦੀਪ ਦੇ ਜੀਵਨ ਤੇ ਕਬੱਡੀ ਸਫਰ ਬਾਰੇ ਜਾਣਕਾਰੀ ਦਿੱਤੀ ਕਿ ਸੰਦੀਪ ਨੇ ਆਪਣੀ ਖੇਡ ਨਾਲ ਵਿਸ਼ਵ ਭਰ ਚ@ ਨਾਮ ਚਮਕਾਇਆ ਤੇ ਕਈ ਵੱਡੇ ਇਨਾਮ ਹਾਸਲ ਕਰਕੇ ਪੰਜਾਬ ਤੇ ਪਰਿਵਾਰ ਦਾ ਨਾਮ ਰੋਸ਼ਨ ਕੀਤਾ ਹੈ, ਸੰਦੀਪ ਕਬੱਡੀ ਖੇਡ ਵਿੱਚ ਇੱਕ ਜਾਫ਼ੀ ਵਜੋਂ ਮਸ਼ਹੂਰ ਸੀ। ਇਹ ਵੀ ਜਾਣਕਾਰੀ ਦਿੱਤੀ ਕਿ ਸੰਦੀਪ ਥਾਣਾ ਸ਼ਾਹਕੋਟ ਦੇ ਪਿੰਡ ਨੰਗਲ ਅੰਬੀਆਂ ਦਾ ਰਹਿਣ ਵਾਲਾ ਹੈ ਉਮਰ ਕਰੀਬ 38 ਸਾਲ ਤੇ ਦੋ ਛੋਟੇ ਪੁੱਤਰ ਹਨ।



ਕਾਲਾ ਬਾਗੜੀਆਂ ਨੇ ਕਿਹਾ ਕਿ ਕਬੱਡੀ ਦੀ ਦੁਨੀਆਂ ਵਿੱਚ ਹਰਜੀਤ ਬਾਜੇਖਾਨਾ ਤੋਂ ਬਾਅਦ ਸੰਦੀਪ ਨੰਗਲ ਦਾ ਨਾਮ ਚਰਚਾ ਵਿੱਚ ਰਿਹਾ ਅਤੇ ਮਜ਼ਬੂਤ ਤੇ ਤਕੜੇ ਸਰੀਰ ਵਾਲਾ ਹੋਣ ਕਰਕੇ ਸੰਦੀਪ ਨੂੰ ਗਲੇਡੀਏਟਰ ਕਿਹਾ ਜਾਂਦਾ ਸੀ। ਕਾਲਾ ਬਾਗੜੀਆਂ ਨੇ ਕਿਹਾ ਕਿਸੇ ਵੇਲੇ ਕਬੱਡੀ ਖੇਡਣ ਲਈ ਸਾਈਕਲ ਉੱਤੇ ਜਾਣ ਵਾਲੇ ਸੰਦੀਪ ਦੀ ਮਿਹਨਤ ਅਤੇ ਸ਼ਿੱਦਤ ਨੇ ਉਸ ਨੂੰ ਕਈ ਮੁਲਕਾਂ ਵਿੱਚ ਜਹਾਜ਼ ਉੱਤੇ ਸਫ਼ਰ ਕਰਵਾਇਆ ਤੇ ਹੁਣ ਵਿਦੇਸ਼ ਦੀ ਧਰਤੀ ਤੇ ਵੀ ਖੇਡਦਾ ਤੇ ਨੌਜਵਾਨਾਂ ਨੂੰ ਖਿਡਾਉਂਦਾ ਸੀ ਅਤੇ ਕਿਹਾ ਕਿ ਕਬੱਡੀ ਦੇ ਵੱਡੇ ਮੁਕਾਬਲਿਆਂ ਵਿੱਚੋਂ ਸੰਦੀਪ ਕਈ ਵਾਰ ਮੁੱਖ ਖਿਡਾਰੀ ਬਣ ਕੇ ਉਭਰਦਾ ਤੇ ਇੱਥੋਂ ਤੱਕ ਕਿ ਕਬੱਡੀ ਲੀਗ ਦੇ ਮੁੱਖ ਖਿਡਾਰੀ ਵਜੋਂ ਵੀ ਸੰਦੀਪ ਦਾ ਹੀ ਨਾਮ ਰਿਹਾ ਹੈ। ਕਬੱਡੀ ਦੀ ਦੁਨੀਆਂ ਵਿੱਚ ਕੁਝ ਕੁ ਮਸ਼ਹੂਰ ਖਿਡਾਰੀਆਂ ਦੀ ਲਿਸਟ ਵਿੱਚ ਸੰਦੀਪ ਲੁਧੜ, ਖੁਸ਼ੀ ਦੁੱਗਾ ਅਤੇ ਸੰਦੀਪ ਨੰਗਲ ਅੰਬੀਆਂ ਦੇ ਨਾਮ ਮੋਹਰੀ ਹਨ। ਕਾਲਾ ਬਾਗੜੀਆਂ ਨੇ ਇਕ ਖਾਸ ਗੱਲ ਸਾਂਝੀ ਕੀਤੀ ਕਿ ਪਿਛਲੇ ਸਮੇਂ ਮੇਰੀ ਜਦੋ ਸੰਦੀਪ ਨਾਲ ਮੁਲਾਕਾਤ ਹੋਈ ਤਾਂ ਉਸਨੇ ਕਿਹਾ ਸੀ ਕਿ ਕਬੱਡੀ ਨੂੰ ਨਸ਼ਾ ਖਾ ਰਿਹਾ ਹੈ ਤੇ ਇਸ ਗੱਲ ਤੇ ਸੰਦੀਪ ਕਾਫੀ ਚਿੰਤਤ ਹੋ ਜਾਦਾ ਸੀ ਅਤੇ ਇਸ ਗੱਲ ਨੇ ਅਸੀ ਬਹੁਤ ਚਿੰਤਾ ਕਰਦੇ ਹਾਂ। ਅਖੀਰ ਕਾਲਾ ਬਾਗੜੀਆਂ ਨੇ ਕਿਹਾ ਕਿ ਸਾਨੂੰ ਹਮੇਸ਼ਾ ਸੰਦੀਪ ਦੀ ਕਮੀ ਮਹਿਸੂਸ ਹੋਵੇਗੀ ਅਤੇ ਇਸ ਤਰਾ ਹੋਈ ਮੌਤ ਨਾਲ ਪੰਜਾਬ ਤੋਂ ਲੈ ਕੇ ਆਲਮੀ ਪੱਧਰ ਤੱਕ ਕਬੱਡੀ ਨੂੰ ਪਸੰਦ ਕਰਨ ਵਾਲੇ ਲੋਕਾਂ ਵਿੱਚ ਇਸ ਵੇਲੇ ਸੋਗ ਦੀ ਲਹਿਰ ਹੈ। ਕਾਲਾ ਬਾਗੜੀਆਂ ਨੇ ਕਿਹਾ ਕਿ ਸੰਦੀਪ ਜਿਹੇ ਖਿਡਾਰੀ ਪੰਜਾਬ ਦੀ ਧਰਤੀ ਤੇ ਅੱਜ ਦੇ ਸਮੇਂ ਵਿਰਲੇ ਹਨ ਜੇ ਇਸੇ ਤਰਾ ਕਤਲ ਕੀਤੇ ਜਾਣ ਜਾਂ ਨਸ਼ੇ ਨਾਲ ਲਪੇਟ ਵਿੱਚ ਆਣ ਤਾਂ ਮਾਂ ਖੇਡ ਕਬੱਡੀ ਦਾ ਰੁਤਬਾ ਘੱਟੇਗਾ। ਅਖੀਰ ਉਨ੍ਹਾਂ ਪੁਲਿਸ ਵਿਭਾਗ ਅੱਗੇ ਗੁਜਾਰਿਸ ਕੀਤੀ ਕਿ ਕਾਤਲਾਂ ਦੀ ਭਾਲ ਕਰਕੇ ਸਖਤ ਸਜਾ ਦਿੱਤੀ ਜਾਵੇ ਅਤੇ ਸੰਦੀਪ ਦੇ ਕਤਲ ਦਾ ਇਨਸਾਫ ਦੀ ਉਡੀਕ ਪਰਿਵਾਰ ਦੇ ਨਾਲ ਸਮੁੱਚਾ ਕੱਬਡੀ ਜਗਤ ਕਰ ਰਿਹਾ।

# ਮੁੱਖ ਮਾਰਗ ਦੇ ਪੁਲ ਦੀ ਟੁੱਟੀ ਰੇਲਿੰਗ ਦੇ ਰਹੀ ਹੈ ਹਾਦਸਿਆਂ ਨੂੰ ਸੱਦਾ



**ਅੰਮ੍ਰਿਤਸਰ/ਰਾਜਾ ਕੋਟਲੀ**

ਅੰਮ੍ਰਿਤਸਰ ਪਠਾਨਕੋਟ ਨੈਸ਼ਨਲ ਹਾਈਵੇ ਸਥਿਤ ਅੱਡਾ ਤਲਵੰਡੀ ਖੁੱਮਣ ਤੋਂ ਕਸਬਾ ਟਾਹਲੀ ਸਾਹਿਬ ਨੂੰ ਜਾਣ ਵਾਲੇ ਮੁੱਖ ਮਾਰਗ ਤੇ ਪਿੰਡ ਸਰਹਾਲਾ ਅਤੇ ਖੈੜੇ ਬਾਲਾ ਚੱਕ ਦਰਮਿਆਨ ਪੈਂਦੇ ਨਿਕਾਸੂ ਨਾਲੇ (ਹੰਸਲੀ) ਦੇ ਪੁਲ ਉੱਪਰ ਦੋਵੇਂ ਪਾਸੇ ਰੇਲਿੰਗ ਨਾ ਹੋਣ ਕਾਰਨ ਹਰ ਵੇਲੇ ਕੋਈ ਹਾਦਸਾ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ। ਕਿਉਂਕਿ ਇਸ ਪੁਲ ਦੇ ਦੋਵੇਂ ਪਾਸੇ ਦੀ ਰੇਲਿੰਗ ਪੂਰੀ ਤਰਾਂ ਟੁੱਟ ਚੁੱਕੀ ਹੈ। ਇਸ ਰੋਡੇ ਪੁਲ ਉੱਤੋਂ ਦਿਨ ਸਮੇਂ ਲੰਘਦੇ ਹੋਏ ਵੀ ਡਰ ਲਗਦਾ ਹੈ ਕਿ ਬਹੁਤ ਛੋਟੀ ਗ਼ਲਤੀ ਹੋਣ ਤੇ ਵੀ ਤੇਜ਼ ਰਫ਼ਤਾਰ ਵਾਹਨ ਹੇਠਾਂ ਡਿਗ ਜਾਵੇਗਾ। ਰਾਤ ਦੇ ਹਨੇਰੇ ਵਿੱਚ ਹਾਦਸੇ ਹੋਣ ਦੀ ਭਿਆਨਕਤਾ ਹੋਰ ਵੀ ਵੱਧ ਜਾਂਦੀ ਹੈ।ਜ਼ਿਕਰਯੋਗ ਹੈ ਇਹ ਮੁੱਖ ਮਾਰਗ ਅੰਮ੍ਰਿਤਸਰ ਮਹਿਤਾ ਚੌਂਕ ਰੋਡ ਤੇ ਸਥਿਤ ਅੱਡਾ ਬੋਪਾਰਾਏ ਤੋਂ ਸ਼ੁਰੂ ਹੋ ਕੇ ਕਸਬਾ ਮਜੀਠਾ ਤੱਕ ਜਾਂਦਾ ਹੈ ਜਿਸ ਤੋਂ ਸਰਕਾਰ ਦੇ ਨੁਮਾਇੰਦੇ ਅਤੇ ਸਬੰਧਤ ਵਿਭਾਗ ਦੇ ਅਧਿਕਾਰੀ ਇਸ ਰੋਡੇ ਪੁਲ ਤੋਂ ਅਕਸਰ ਆਉਂਦੇ-ਜਾਂਦੇ ਹਨ, ਪਰ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਅਤੇ ਹਰ ਵੇਲੇ ਇਸ ਮਾਰਗ ਤੇ ਭਾਰੀ ਆਵਾਜਾਈ ਰਹਿੰਦੀ ਹੈ। ਇਲਾਕੇ ਦੇ ਲੋਕਾਂ ਦੀ ਸਬੰਧਤ ਵਿਭਾਗ ਅਤੇ ਸਰਕਾਰ ਤੋਂ ਪੁਰਜ਼ੋਰ ਮੰਗ ਹੈ ਕਿ ਇਸ ਪੁਲ ਤੇ ਰੇਲਿੰਗ ਲਗਾਉਣ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਲੋਕਾਂ ਦਾ ਕੋਈ ਜਾਨੀ ਮਾਲੀ ਨੁਕਸਾਨ ਤੋਂ ਬਚਾਅ ਹੋ ਸਕੇ।

# ਸੰਗਠਨ ਵੱਲੋਂ ਵਿਧਾਇਕਾ ਅਮਨਦੀਪ ਅਰੋੜਾ ਦਾ ਸਨਮਾਨ ਕੀਤਾ ਗਿਆ



**ਮੋਗਾ/ਦਵਿੰਦਰ ਬਿੱਟੂ**

ਅੱਜ ਐਂਟੀ ਕ੍ਰਾਈਮ ਇੰਟੈਲੀਜੈਂਸੀ ਸੰਗਠਨ ਦੇ ਚੇਅਰਮੈਨ ਸਨੀਲ ਕੁਮਾਰ ਸੰਨੀ ਵੱਲੋਂ ਆਪਣੀ ਮੋਗਾ ਇਕਾਈ ਦੀ ਟੀਮ ਨੂੰ ਨਾਲ ਲੈ ਕੇ ਮੋਗਾ ਹਲਕੇ ਦੀ ਨਵੀਂ ਬਣੀ ਵਿਧਾਇਕਾ ਬੀਬੀ ਅਮਨਦੀਪ ਕੌਰ ਅਰੋੜਾ ਨੂੰ ਉਨਾਂ ਦੇ ਗ੍ਰਹਿ ਵਿਖੇ ਸ਼ਹੀਦੇ ਏ ਆਜਮ ਸ੍ਰ ਭਗਤ ਸਿੰਘ ਦੀ ਤਸਵੀਰ ਨਾਲ ਸਨਮਾਨਿਤ ਕੀਤਾ ਗਿਆ । ਇਸ ਮੌਕੇ ਸੰਗਠਨ ਦੇ ਚੇਅਰਮੈਨ ਸਨੀਲ ਕਮਾਰ ਸੰਨੀ ਨੇ ਬੀਬੀ ਅਰੋੜਾ ਨਾਲ ਹਲਕੇ ਦੀਆਂ ਸਮੱਸਿਆਵਾਂ ਸਬੰਧੀ ਵਿਚਾਰ ਚਰਚਾ ਕਰਦਿਆਂ ਵਿਸ਼ਵਾਸ ਦਿਵਾਇਆ ਸਾਡਾ ਸੰਗਠਨ ਮੋਗੇ ਹਲਕੇ ਚ ਨਸ਼ੇ, ਕ੍ਰਾਈਮ ਵਰਗੀਆਂ ਗੰਭੀਰ ਅਲਾਮਤਾਂ ਨੂੰ ਨੱਥ ਪਾਉਣ ਲਈ ਆਪ ਜੀ ਨੂੰ ਹਮੇਸ਼ਾ ਸਹਿਯੋਗ ਦਿੰਦਾ ਰਹੇਗਾ । ਉਨਾਂ ਕਿਹਾ ਕਿ ਸਾਡਾ ਸੰਗਠਨ ਸਮੇਂ ਸਮੇਂ ਤੇ ਗੰਭੀਰ ਮੁਸ਼ਕਲਾਤਾ ਨੂੰ ਲੈ ਕੇ ਆਪ ਜੀ ਨਾਲ ਸਹਿਯੋਗ ਤੇ ਵਿਚਾਰ ਵਟਾਂਦਰਾ ਵੀ ਕਰਦਾ ਰਹੇਗਾ । ਇਸ ਮੌਕੇ ਸਹਿਲ ਸ਼ਰਮਾ, ਡਾ ਰੋਹਿਤ, ਕਮਲਪ੍ਰੀਤ ਭੱਟੀ, ਵਰਿੰਦਰ ਕੁਮਾਰ, ਰੋਹਿਤ ਕੁਮਾਰ, ਕਮਲਪ੍ਰੀਤ ਸਿੰਘ ਆਦਿ ਹਾਜ਼ਰ ਸਨ । ਫੋਟੋ ਕੈਪਸ਼ਨ : ਸੰਗਠਨ ਦੇ ਚੇਅਰਮੈਨ ਸਨੀਲ ਕੁਮਾਰ ਸੰਨੀ ਆਪਣੀ ਟੀਮ ਨਾਲ ਵਿਧਾਇਕਾ ਬੀਬੀ ਅਮਨਦੀਪ ਅਰੌੜਾ ਦਾ ਸਨਮਾਨ ਕਰਦੇ ਹੋਏ।

# ਮੁੱਖ ਕਾਰਜਕਾਰੀ ਅਫ਼ਸਰ ਪੰਜਾਬ ਗਾਊ ਸੇਵਾ ਕਮਿਸ਼ਨ ਦੇ ਸਹਿਯੋਗ ਨਾਲ ਗਾਊਸ਼ਾਲਾ ਗੋਲੇ ਵਾਲਾ ਵਿੱਚ ਕੈਂਪ ਲਗਾਇਆ ਗਿਆ



**ਫ਼ਰੀਦਕੋਟ /ਜਸਵਿੰਦਰ ਬਰਾੜ ਸਾਧਾਂਵਾਲਾ**

ਸਰਕਾਰੀ ਗਾਊਸ਼ਾਲਾ ਗੋਲੇ ਵਾਲਾ ਵਿੱਚ ਪੰਜਾਬ ਗਾਊ ਸੇਵਾ ਕਮਿਸ਼ਨ ਦੇ ਸਹਿਯੋਗ ਨਾਲ ਡਾਕਟਰ ਰਾਜੀਵ ਕੁਮਾਰ ਛਾਬੜਾ, ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਫਰੀਦਕੋਟ ਦੀ ਰਹਿਨੁਮਾਈ ਹੇਠ ਲਗਾਇਆ ਗਿਆ। ਇਸ ਕੈਂਪ ਵਿੱਚ ਪੰਜਾਬ ਗਾਊ ਸੇਵਾ ਕਮਿਸ਼ਨ ਵੱਲੋਂ ਗਾਊਸ਼ਾਲਾ ਗੋਲੇ ਵਾਲਾ ਨੂੰ 25000ਰੁਪੈਦੀ ਦੀ ਰਾਸ਼ੀ ਦੀਆਂ ਦਵਾਈਆਂ ਭੇਂਟ ਕੀਤੀਆਂ ਗਈਆਂ ਅਤੇ ਇਸ ਕੈਂਪ ਵਿੱਚ ਮੌਜੂਦ ਡਾਕਟਰ ਸਹਿਬਾਨਾਂ ਵਲੋਂ ਬੀਮਾਰ ਪਸ਼ੂਆਂ ਦਾ ਇਲਾਜ ਕੀਤਾ ਗਿਆ ਇਹਏਊਕੈਂਪ ਇੰਚਾਰਜ ਡਾਕਟਰ ਸੁਰਜੀਤ ਸਿੰਘ ਮੱਲ ਵੀ,ਓ, ਪੱਖੀ ਕਲਾਂ, ਡਾਕਟਰ ਨਵਦੀਪ ਸਿੰਘ ਚਹਿਲ ਵੀ,ਓ, ਚੰਦਬਾਜਾ, ਡਾਕਟਰ ਅਰਸ਼ਦੀਪ ਸਿੰਘ ਵੀ, ਓ ਅਰਾਈਆਂਵਾਲਾ ਕਲਾਂ, ਨੇ ਸੇਵਾ ਨਿਭਾਈ ਅਤੇ ਬੀਮਾਰ ਦਾ ਇਲਾਜ ਖਰੈਤੀ ਲਾਲ ਵੀ,ਆਈ, ਗੋਲੇ ਵਾਲਾ, ਗੁਰਪ੍ਰੀਤ ਸਿੰਘ ਵੀ,ਆਈ ਹਰਦਿਆਲੇਆਣਾ ਅਤੇ ਪਵਨਦੀਪ ਸਿੰਘ ਵੀ, ਓ ਰਾਜੋ ਵਾਲਾ, ਅੰਗਰੇਜ਼ ਸਿੰਘ ਅਤੇ ਅਮਰਜੀਤ ਸਿੰਘ ਨੇ ਆਪਣਾ ਸਹਿਯੋਗ ਦਿੱਤਾ। ਕੈਂਪ ਦੀ ਸਮਾਪਤੀ ਸਮੇਂ ਡਾਕਟਰ ਸੁਰਜੀਤ ਸਿੰਘ ਮੱਲ ਅਤੇ ਗਾਊਸ਼ਾਲਾ ਕਮੇਟੀ ਦੇ ਪ੍ਰਧਾਨ ਲਾਭ ਸਿੰਘ ਬਰਾੜ ਨੇ ਪੰਜਾਬ ਸਰਕਾਰ ਜ਼ਿਲ੍ਹਾ ਪ੍ਰਸ਼ਾਸ਼ਨ ਫਰੀਦਕੋਟ ਅਤੇ ਆਏਂ ਹੋਏ ਸਾਰੇ ਪਤਵੰਤੇ ਸੱਜਣਾਂ ਦਾ ਬਹੁਤ ਬਹੁਤ ਧੰਨਵਾਦ ਕੀਤਾ। ਇਸ ਸਮੇਂ ਦੌਰਾਨ ਹਾਜ਼ਰ ਸਨ ਗਾਊਸ਼ਾਲਾ ਕਮੇਟੀ ਗੋਲੇ ਵਾਲਾ ਦੇ ਪ੍ਰਧਾਨ ਲਾਭ ਸਿੰਘ ਬਰਾੜ, ਮੈਂਬਰ ਸਰਦੂਲ ਸਿੰਘ ਢਿੱਲੋਂ, ਗੁਰਮੀਤ ਸਿੰਘ ਝਾੜੀ ਵਾਲਾ, ਗੁਰਦੀਪ ਸਿੰਘ, ਡਾਕਟਰ ਜਗਜੀਤ ਸਿੰਘ ਅਰੋੜਾ,ਬੱਬਲ ਬਰਾੜ, ਰਛਪਾਲ ਸਿੰਘ ਫੋਜੀ, ਰਮਨਦੀਪ ਸਿੰਘ ਰਮੂ, ਗੁਰਮੀਤ ਮੀਤਾ, ਮਨਪ੍ਰੀਤ ਮੰਨਾ, ਬਾਬਾ ਫ਼ਰੀਦ ਪੈਰਿਸ ਕਲੱਬ ਗੋਲੇ ਵਾਲਾ ਦੇ ਪ੍ਰਧਾਨ ਪੱਤਰਕਾਰ ਅੰਗਰੇਜ਼ ਸਿੰਘ ਬਰਾੜ, ਪੱਤਰਕਾਰ ਪ੍ਰਦੀਪ ਗਰਗ ਪੱਖੀ ਖੁਰਦ, ਪੱਤਰਕਾਰ ਪਵਿੱਤਰ ਸਿੰਘ ਬਰਾੜ, ਗਾਊਸ਼ਾਲਾ ਮੈਨੇਜਰ ਹਰਗੋਪਾਲ ਸਿੰਘ ਬਰਾੜ ਆਦਿ ਵਰਕਰ ਸ਼ਾਮਲ ਸਨ।

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ/ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016/2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) / Contect No. : 0181-2211009, Fax : 2211009 / Email Id : lokbani08@gmail.com /

# ਦੁਰਗਾ ਸ਼ਕਤੀ ਮੰਦਿਰ 'ਚ ਹੋਲੀ ਦਾ ਤਿਉਹਾਰ ਮਨਾਇਆ ਗਿਆ



**ਰਾਏਕੋਟ/ਗੋਗੀ**

ਸਥਾਨਕ ਸ਼ਹਿਰ ਦੇ ਦੁਰਗਾ ਸ਼ਕਤੀ ਮੰਦਿਰ ਦੀ ਪ ?ਬੰਧਕ ਕਮੇਟੀ ਵੱਲੋਂ ਹੋਲੀ ਦੇ ਤਿਉਹਾਰ ਤੇ ਪ੍ਰਧਾਨ ਮਨੋਹਰ ਲਾਲ ਲਾਡੀ ਦੀ ਅਗਵਾਈ @ਚ ਮੰਦਰ ਵਿੱਚ ਇੱਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੌਰਾਨ ਹਲਕਾ ਵਿਧਾਇਕ ਹਾਕਮ ਸਿੰਘ ਠੇਕੇਦਾਰ ਅਤੇ ਉਨਾਂ ਦੀ ਧਰਮ ਪਤਨੀ ਜਸਪਾਲ ਕੌਰ ਮੁੱਖ ਮਹਿਮਾਨ ਵਜੋਂ ਹਾਜਰ ਹੋਏ। ਇਸ ਸਮੇਂ ਵਿਧਾਇਕ ਹਾਕਮ ਸਿੰਘ ਠੇਕੇਦਾਰ ਨੇ ਸੰਗਤਾਂ ਨੂੰ ਹੋਲੀ ਦੇ ਤਿਉਹਾਰ ਦੀ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਹੋਲੀ ਦਾ ਤਿਉਹਾਰ ਬੁਰਾਈ ਉੱਤੇ ਚੰਗਿਆਈ ਦੀ ਜਿੱਤ ਦਾ ਜਸ਼ਨ ਮਨਾਉਣ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਪ੍ਰਫੁੱਲਤ ਕਰਨ ਅਤੇ ਦੋਸਤਾਂ-ਮਿੱਤਰਾਂ ਨਾਲ ਆਪਣੇ ਵਿਚਾਰਧਾਰਕ ਝਗੜਿਆਂ ਨੂੰ ਖਤਮ ਕਰਕੇ ਖੁਸ਼ੀ ਨਾਲ ਇਕਜੁੱਟ ਹੋਣ ਦਾ ਤਿਉਹਾਰ ਹੈ। ਉਹਨਾਂ ਇਸ ਤਿਉਹਾਰ ਨੂੰ ਰੰਗਾਂ ਦੀ ਬਜਾਇ ਫੁੱਲਾਂ ਨਾਲ ਮਨਾਉਂਣ ਦੀ ਅਪੀਲ ਵੀ ਕੀਤੀ। ਇਸ ਦੌਰਾਨ ਮੰਦਰ ਕਮੇਟੀ ਵੱਲੋਂ ਵਿਧਾਇਕ ਹਾਕਮ ਸਿੰਘ ਠੇਕੇਦਾਰ ਤੇ ਉਹਨਾਂ ਦੀ ਧਰਮ ਪਤਨੀ ਨੂੰ ਅਤੇ ਉਜਾਗਰ ਸਿੰਘ ਰਾਏ (ਸਾਬਕਾ ਪ੍ਰਧਾਨ ਟਰੱਕ ਯੂਨੀਅਨ), ਐੱਨਆਰਆਈ ਮਨਜੀਤ ਸਿੰਘ ਜੱਸਲ ਨੂੰ ਸਨਮਾਨ ਚਿੰਨ੍ਹ ਦੇਕੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਮਹਿਲਾ ਸੰਕੀਰਤਨ ਮੰਡਲ ਅਤੇ ਰਾਧਾ ਕ੍ਰਿਸ਼ਨ ਸੇਵਾ ਸੰਮਤੀ ਵੱਲੋਂ ਸ੍ਰੀ ਰਾਧਾ ਕ੍ਰਿਸ਼ਨ ਦੀ ਮਹਿਮਾ ਦਾ ਗੁਣਗਾਨ ਕੀਤਾ ਗਿਆ। ਇਸ ਮੌਕੇ ਗੁਰਦੇਵ ਬਾਵਾ, ਮਹਿੰਦਰਪਾਲ ਸੱਚਦੇਵਾ, ਇੰਦਰਪਾਲ ਰੱਤੜਾ, ਰਾਮ ਕੁਮਾਰ ਛਾਪਾ, ਬਿੰਦਰਜੀਤ ਗਿੱਲ, ਦਲਜੀਤ ਸਿੰਘ ਅਕਾਲਗੜ੍ਹ, ਨਰਿੰਦਰ ਕੁਮਾਰ ਡਾਬਰ, ਕੁਲਵੰਤ ਰਾਏ ਡੰਡੀ, ਸੁਰਿੰਦਰ ਧੀਗੜਾ, ਰਾਜਨ ਪਰੂਥੀ, ਡਾਕਟਰ ਸ਼ਾਮ ਸੁੰਦਰ, ਕੇਵਲ ਕ੍ਰਿਸ਼ਨ ਨਾਰੰਗ, ਯਸ਼ਵੀਰ ਗੋਇਲ, ਦੀਪਕ ਸ਼ਰਮਾ, ਕਾਂਤਾ ਰਾਣੀ, ਰੇਨੂੰ ਜੁਨੇਜਾ, ਕਮਲੇਸ਼ ਦੂਆ, ਵਰਸ਼ਾ ਧੀਗੜਾ, ਪਾਰਸ ਜੈਨ, ਸਾਹਿਲ ਗੋਇਲ, ਵਿਪਨ ਡਾਬਰ, ਸੁਰਜੀਤ ਸਿੰਘ, ਰਵਿੰਦਰ ਰਵੀ, ਕੁਲਦੀਪ ਸਿੰਘ ਕੱਦੂ ਜੌਹਲਾਂ, ਰਾਜਦੀਪ ਆਂਡਲੂ, ਹਨੀ ਗਿੱਲ, ਪੰਡਤ ਭਾਗਪਤ ਪ੍ਰਸ਼ਾਦ ਜੋਸ਼ੀ, ਗੁਰਪ੍ਰੀਤ ਸਿੰਘ ,ਡਾਕਟਰ ਦੀਪੀ, ਡਾਕਟਰ ਅਸ਼ੋਕ ਸ਼ਰਮਾ, ਆਦਿ ਹਾਜ਼ਰ ਸਨ।

# ਗੁਰਬਾਜ ਗਿੱਲ, ਮਨਦੀਪ ਗਿੱਲ ਅਤੇ ਜਗਤਾਰ ਸਿੱਧੂ ਤਿੰਨਕੌਣੀ ਦੇ ਗੀਤਾਂ ਦਾ ਵੀਡੀਓ ਸ਼ੂਟ ਮੁਕੰਮਲ



**ਮੋਗਾ/ਦਵਿੰਦਰ ਬਿੱਟੂ**

ਸੰਗੀਤਕ ਤੇ ਫ਼ਿਲਮੀ ਪੱਤਰਕਾਰੀ ਵਿੱਚ ਆਪਣੀ ਵਿਲੱਖਣ ਪਹਿਚਾਣ ਬਣਾਉਣ ਵਾਲਾ ਗੁਰਬਾਜ ਗਿੱਲ ਹੁਣ ਗਾਇਕੀ ਖੇਤਰ ਵੱਲ ਆਇਆ ਹੈ। ਪਿਛਲੇ ਦਿਨੀਂ ਬਠਿੰਡਾ ਜ਼ਿਲ੍ਹੇ ਦੇ ਗੋਨਿਆਣਾ ਮੰਡੀ ਦੇ ਲਾਗਲੇ ਪਿੰਡ ਹਰਰਾਏਪੁਰ ਵਿਖੇ ਗੁਰਬਾਜ ਗਿੱਲ, ਮਨਦੀਪ ਗਿੱਲ ਅਤੇ ਜਗਤਾਰ ਸਿੱਧੂ ਤਿੰਨਕੌਣੀ ਦੇ ਗੀਤਾਂ ਦਾ ਵੀਡੀਓ ਸ਼ੂਟ ਮੁਕੰਮਲ ਕੀਤਾ ਗਿਆ, ਜੋ ਜਲਦੀ ਹੀ ਬੜੇ ਵੱਡੇ ਪੱਧਰ ਤੇ ਰਿਲੀਜ਼ ਕੀਤੇ ਜਾਣਗੇ। ਜਿਸ ਦਾ ਮਹੂਰਤ ਗੁਰਨਾਮ ਸਿੰਘ ਗਾਮਾ, ਮੌਜੂਦਾ ਮੈਂਬਰ ਗ੍ਰਾਮ ਪੰਚਾਇਤ ਹਰਰਾਏਪੁਰ ਤਿੰਨਕੌਣੀ ਨੇ ਆਪਣੇ ਕਰ ਕਮਲਾ ਨਾਲ ਕੀਤਾ। ਸ਼ੂਟਿੰਗ ਦੌਰਾਨ ਇੰਟਰਨੈਸ਼ਨਲ ਗੀਤਕਾਰ ਜੋਰਾ ਗਿੱਲ ਮਹਿਣਾ ਦਾ ਲਿਖਿਆ ਗੀਤ @ਬਾਈ ਬਾਈ@, ਜਿਸ ਨੂੰ ਗੁਰਬਾਜ ਗਿੱਲ ਤੇ ਮਨਦੀਪ ਗਿੱਲ ਨੇ ਗਾਇਆ ਅਤੇ ਦੂਸਰਾ ਪ੍ਰਸਿੱਧ ਪੇਸ਼ਕਾਰ ਤੇ ਗੀਤਕਾਰ ਭੰਗੂ ਫਲੇੜੇ ਵਾਲਾ ਦਾ ਲਿਖਿਆ ਗੀਤ @ਨੱਤੀਆ ਦਾ ਜੋੜਾ@ ਗਾਇਕ ਜਗਤਾਰ ਸਿੱਧੂ ਤਿੰਨਕੌਣੀ ਤੇ ਗਾਇਕਾ ਮਨਦੀਪ ਗਿੱਲ ਨੇ ਆਪਣੀ ਬੁਲੰਦ ਆਵਾਜ਼ ਦਿੱਤੀ ਹੈ। ਦੋਨਾਂ ਗੀਤਾਂ ਦੇ ਵੀਡੀਓ ਫ਼ਿਲਮਾਂਕਣ ਕਰਨ ਸਮੇਂ ਗਾਇਕ ਗੁਰਮੀਤ ਧਾਲੀਵਾਲ, ਇੰਦਰਜੀਤ ਨੇਹੀਆਂ ਵਾਲਾ, ਗਾਇਕ ਤੇ ਗੀਤਕਾਰ ਲਾਭ ਸਿੰਘ ਤਿੰਨਕੌਣੀ, ਗੀਤਕਾਰ ਕੱਤਰ ਸਿੰਘ ਪ੍ਰੇਮੀ, ਤਾਰਾ ਚੰਦ ਕਟਾਰੀਆ, ਉਸਤਾਦ ਸਿਕੰਦਰ ਖ਼ਾਨ, ਸਿੱਕਾ ਖ਼ਾਨ, ਬੱਲੀ ਖ਼ਾਨ, ਬਾਤੀ ਖ਼ਾਨ, ਡਾ. ਚੇਤ ਸਿੰਘ ਦਿਓਣ ਅਤੇ ਰੋਜ਼ਾਨਾ ਅਜੀਤ ਦੇ ਪੱਤਰਕਾਰ ਗੁਰਨੈਬ ਸਾਜਨ ਦਿਓਣ ਹਾਜ਼ਰ ਸਨ।

# ਪ੍ਰੋ ਕਿਰਪਾਲ ਸਿੰਘ ਯੋਗੀ ਜੀ ਦਾ ਸ਼ਰਧਾਂਜਲੀ ਸਮਾਗਮ ਅਤੇ ਕਵੀ ਦਰਬਾਰ ਅੱਜ 20 ਮਾਰਚ ਨੂੰ

**ਗੁਰਦਾਸਪੁਰ/ ਨਵਨੀਤ ਕੁਮਾਰ**

ਪ੍ਰੋ ਕਿਰਪਾਲ ਸਿੰਘ ਯੋਗੀ ਜੋ ਮੌਨਸੂਨ ਦਿਨੀਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਸਨ ਦੀ ਯਾਦ ਨੂੰ ਸਮਰਪਿਤ ਸ਼ਰਧਾਂਜਲੀ ਸਮਾਗਮ ਅਤੇ ਕਵੀ ਦਰਬਾਰ ਦਾ ਆਯੋਜਨ ਜਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਵਲੋਂ 20 ਮਾਰਚ ਨੂੰ ਸਵੇਰੇ 10-30 ਵਜੇ ਤੋਂ 2-ਵਜੇ ਦੁਪਹਿਰ ਤੱਕ ਰਾਮ ਸਿੰਘ ਦੱਤ ਦੇਸ਼ ਭਗਤ ਯਾਦਗਾਰ ਭਵਨ ਗੁਰਦਾਸਪੁਰ ਵਿਖੇ ਕੀਤਾ ਜਾ ਰਿਹਾ ਹੈ। ਇਸ ਪਰੋਗਰਾਮ ਵਿੱਚ ਸ਼ਾਮਿਲ ਹੋਣ ਹਿਤ ਜਿਲ੍ਹਾ ਭਰ ਦੇ ਸਾਹਿਤਕਾਰਾਂ ਨੂੰ ਸੱਦਾ ਦਿੱਤਾ ਗਿਆ ਹੈ। ਅਜ ਦੀ ਤਿਆਰੀ ਮੀਟਿੰਗ ਵਿੱਚ ਸਰਵ ਸ੍ਰੀ ਮੱਖਣ ਕੁਹਾੜ, ਮੰਗਤ ਚੰਚਲ ,ਸ਼ੀਤਲ ਸਿੰਘ ਗੁੰਨੋਪੁਰੀ, ਤਰਸੇਮ ਭੰਗੂ, ਸੁਭਾਸ਼ ਦੀਵਾਨਾ ,ਬੂਟਾ ਰਾਮ ਆਜ਼ਾਦ ਅਤੇ ਸੋਹਣ ਸਿੰਘ ਹਾਜਰ ਹੋਏ ਅਤੇ ਸਾਰੇ ਪ੍ਰੋਗਰਾਮ ਦੀਆਂ ਮੁਕੰਮਲ ਤਿਆਰੀਆਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਪ੍ਰੋਗਰਾਮ ਦੀ ਸਫ਼ਲਤਾ ਦੀ ਤਿਆਰੀ ਬਾਰੇ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ। ਅਖੀਰ ਵਿੱਚ ਜਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਦੇ ਸੁਹਿਰਦ ਸਹਿਯੋਗੀ ਅਤੇ ਪ੍ਰਿੰ ਸੁਜਾਨ ਸਿੰਘ ਦੇ ਖਾਸ ਅਜੀਜ ਸ ਬੂਆ ਸਿੰਘ ਸੇਖੋਂ ਅਤੇ ਦੇਵ ਦਰਦ ਜੀ ਦੇ ਸਦੀਵੀ ਵਿਛੋੜੇ ਤੇ ਦੋ ਮਿੰਟ ਦਾ ਮੌਨ ਰਖ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ।



# ਪਿੰਡ ਗੁਣਾਚੌਰ ਵਿਖੇ ਫਾਇਰਿੰਗ ਕਰਨ ਵਾਲੇ 2 ਦੋਸ਼ੀ ਗ੍ਰਿਫਤਾਰ

**ਸ਼ਹੀਦ ਭਗਤ ਸਿੰਘ ਨਗਰ /ਲੋਕ ਬਾਣੀ**

ਪਿੰਡ ਗੁਣਾਚੌਰ ਥਾਣਾ ਮੁਕੰਦਪੁਰ ਵਿਖੇ ਜਦੋਂ ਦੇ ਮੋਟਰਸਾਈਕਲਾਂ ਸਵਾਰਾਂ ਵਲੋਂ ਪਿੰਡ ਗੁਣਾਚੌਰ ਦੇ ਵਸਨੀਕ ਤੇ ਫਾਇਰਿੰਗ ਕਰਨ ਦੀ ਸੂਚਨਾ ਮਿਲੀ ਤਾਂ ਤੁਰੰਤ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪੁਲਿਸ ਵੱਲੋਂ ਮਾਨਯੋਗ ਕੰਵਰਦੀਪ ਕੌਰ 5 ਜਿਲਾ ਸ਼ਹੀਦ ਭਗਤ ਸਿੰਘ ਨਗਰ ਦੀ ਹਦਾਇਤ ਅਨੁਸਾਰ ਸ਼੍ਰੀ ਸਰਬਜੀਤ ਸਿੰਘ ਵਾਹੀਆਂ ✥↔ ਕਪਤਾਨ ਪੁਲਿਸ ਜਾਂਚ ਜਿਲਾ ਸ਼ਹੀਦ ਭਗਤ ਸਿੰਘ ਨਗਰ ਅਤੇ ਸ੍ਰੀ ਗੁਰਪ੍ਰੀਤ ਸਿੰਘ ♦♥ ਉਪ ਕਪਤਾਨ ਪੁਲਿਸ ਸ ✡ ਡਵੀਜਨ ਬੰਗਾ ਦੀ ਅਗਵਾਈ ਹੇਠ ਥਾਣਾ ਮੁਕੰਦਪੁਰ ਪੁਲਿਸ ਨੇ ਫਾਇਰਿੰਗ ਕਰਨ ਵਾਲੇ ਦੋ ਦੋਸ਼ੀਆਂ ਨੂੰ ਪਿੰਡ ਫਿਰੋਜਪੁਰ ਨੇੜੇ ਤੋਂ ਗ੍ਰਿਫਤਾਰ ਕਰਕੇ ਉਹਨਾਂ ਦੇ ਕਬਜ਼ੇ ਵਿਚੋਂ ਦੋ ਪਿਸਟਲ ਅਤੇ 08 ਜਿੰਦਾ ਰੌਂਦ ਬ੍ਰਾਮਦ ਕਰਨ ਵਿਚ ਕਾਮਯਾਬੀ ਹਾਸਲ ਕੀਤੀ ਹੈ ।

# ਰਾਸ਼ਟਰੀ ਟੀਕਾਕਰਨ ਦਿਵਸ ਮੌਕੇ ਵਿਦਿਆਰਥੀਆਂ ਨੂੰ ਟੀਕਾਕਰਨ ਸਬੰਧੀ ਜਾਗਰੂਕ ਕੀਤਾ

**ਜਲੰਧਰ/ਦੀਪਕ ਨਟਰਾਜ**

ਡਿਪਸ ਸਕੂਲ, ਸੋਰਾਨੁਸੀ ਵਿਖੇ ਬੱਚਿਆਂ ਨੂੰ ਕੋਵਿਡ ਟੀਕਾਕਰਨ ਪ੍ਰਤੀ ਜਾਗਰੂਕ ਕਰਨ ਲਈ ਰਾਸ਼ਟਰੀ ਟੀਕਾਕਰਨ ਦਿਵਸ ਦਿਵਸ ਮਨਾਇਆ ਗਿਆ। 15 ਤੋਂ 18 ਸਾਲ ਦੇ ਬੱਚਿਆਂ ਲਈ ਕੋਵਿਡ ਟੀਕਾਕਰਨ ਦਾ ਦੂਜਾ ਡੋਜ਼ ਕੈਂਪ ਡਿਪਸ ਸਕੂਲ, ਸੂਰਾਨੁਸੀ ਵਿਖੇ ਲਗਾਇਆ ਗਿਆ। ਕੈਂਪ ਦੌਰਾਨ ਸਰਕਾਰੀ ਡਿਸਪੈਂਸਰੀ ਦੀ ਟੀਮ ਵੱਲੋਂ 200 ਦੇ ਕਰੀਬ ਬੱਚਿਆਂ ਨੂੰ ਕੋਵਿਡ ਦਾ ਟੀਕਾਕਰਨ ਕੀਤਾ ਗਿਆ।



ਬੱਚਿਆਂ ਲਈ ਭਾਸ਼ਣ ਅਤੇ ਪੀਪੀਟੀ ਗਤੀਵਿਧੀਆਂ ਕਰਵਾਈਆਂ ਗਈਆਂ। ਉਨ੍ਹਾਂ ਆਪਣੇ ਸਹਿਪਾਠੀਆਂ ਨੂੰ ਪੀਪੀਟੀ ਰਾਹੀਂ ਟੀਕਾਕਰਨ ਦੀ ਮਹੱਤਤਾ ਅਤੇ ਆਪਣੇ ਵਿਚਾਰਾਂ ਤੋਂ ਜਾਣੂ ਕਰਵਾਇਆ। ਵਿਦਿਆਰਥੀਆਂ ਨੇ ਦੱਸਿਆ ਕਿ ਵੈਕਸੀਨ ਦਾ ਕੰਮ ਮਨੁੱਖੀ ਸਰੀਰ ਨੂੰ ਬਿਮਾਰੀਆਂ ਤੋਂ ਬਚਾਉਣਾ ਹੈ। ਟੀਕੇ ਵਾਇਰਸਾਂ ਜਾਂ ਬੈਕਟੀਰੀਆ ਦੇ ਪ੍ਰਭਾਵਾਂ ਨੂੰ ਘਟਾਉਂਦੇ ਜਾਂ ਪੂਰੀ ਤਰ੍ਹਾਂ ਖਤਮ ਕਰਦੇ ਹਨ। ਅੱਜ ਦੇ ਸਮੇਂ ਵਿੱਚਕੋਵਿਡ ਦਾ ਟੀਕਾਕਰਨ ਕਰਨਾ ਬਹੁਤ ਜ਼ਰੂਰੀ ਹੈ।

ਪ੍ਰਿੰਸੀਪਲ ਬੇਲਾ ਕਪੂਰ ਨੇ ਦੱਸਿਆ ਕਿ ਪੋਲੀਓ ਟੀਕਾਕਰਨ ਪਹਿਲੀ ਵਾਰ ਭਾਰਤ ਵਿੱਚ 1995 ਵਿੱਚ ਸ਼ੁਰੂ ਕੀਤਾ ਗਿਆ ਸੀ। ਉਦੋਂ ਤੋਂ ਹਰ ਸਾਲ ਭਾਰਤ ਵਿੱਚ ਰਾਸ਼ਟਰੀ ਟੀਕਾਕਰਨ ਦਿਵਸ ਮਨਾਇਆ ਜਾਂਦਾ ਹੈ। ਇਹ ਦਿਨ ਸਿਰਫ਼ ਬੱਚਿਆਂ ਨੂੰ ਟੀਕਾਕਰਨ ਨਾਲ ਹੀ ਨਹੀਂ ਜੋੜਿਆ ਜਾਂਦਾ, ਸਗੋਂ ਬਜ਼ੁਰਗਾਂ ਅਤੇ ਵਡਿਆਂ ਲਈ ਵੀ ਕੁਝ ਟੀਕੇ ਜ਼ਰੂਰੀ ਹੁੰਦੇ ਹਨ, ਇਸ ਲਈ ਸਰਕਾਰ ਵੱਲੋਂ ਹਰ ਸਾਲ ਲੋਕਾਂ ਨੂੰ ਟੀਕਾਕਰਨ ਬਾਰੇ ਜਾਗਰੂਕ ਕੀਤਾ ਜਾਂਦਾ ਹੈ।

ਐਤਵਾਰ, 20 ਮਾਰਚ 2022
Website : www.lokbani.com
lokbani08@gmail.com

# ਮਯੰਕ ਫਾਊਂਡੇਸ਼ਨ ਨੇ ਦੇਵ ਸਮਾਜ ਐਜੂਕੇਸ਼ਨ ਕਾਲਜ ਵਿਖੇ ਮਨਾਇਆ ਰਾਸ਼ਟਰੀ ਗਣਿਤ ਦਿਵਸ







**ਫ਼ਿਰੋਜ਼ਪੁਰ/ਗੌਰਵ ਸ਼ਰਮਾ**

ਮੋਹਰੀ ਸਮਾਜ ਸੇਵੀ ਸੰਸਥਾ ਮਯੰਕ ਫਾਊਂਡੇਸ਼ਨ ਨੇ ਪੰਜਾਬ ਰਾਜ ਵਿਗਿਆਨ ਅਤੇ ਤਕਨਾਲੋਜੀ ਕੌਂਸਲ ਅਤੇ ਵਿਗਿਆਨ ਅਤੇ ਤਕਨਾਲੋਜੀ ਵਿਭਾਗ, ਭਾਰਤ ਸਰਕਾਰ, ਸਿੱਖਿਆ ਵਿਭਾਗ ਫਿਰੋਜ਼ਪੁਰ ਅਤੇ ਦੇਵ ਸਮਾਜ ਸਿੱਖਿਆ ਕਾਲਜ ਦੇ ਸਹਿਯੋਗ ਨਾਲ ਰਾਸ਼ਟਰੀ ਗਣਿਤ ਦਿਵਸ ਮਨਾਇਆ। ਪ੍ਰਿੰਸੀਪਲ ਡਾ: ਰਾਜਵਿੰਦਰ ਕੌਰ ਅਤੇ ਡਾ: ਅਨਿਰੁਧ ਗੁਪਤਾ ਦੀ ਪ੍ਰਧਾਨਗੀ ਹੇਠ ਕਰਵਾਏ ਇਸ ਪ੍ਰੋਗਰਾਮ ਵਿਚ ਜ਼ਿਲ੍ਹਾ ਸਿੱਖਿਆ ਅਫ਼ਸਰ ਚਮਕੌਰ ਸਿੰਘ, ਰਾਜੀਵ ਛਾਬੜਾ ਮੁੱਖ ਮਹਿਮਾਨ ਵਜੋਂ ਅਤੇ ਅਸ਼ੋਕ ਬਹਿਲ ਸਕੱਤਰ ਰੈੱਡ ਕਰਾਸ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ । ਚਮਕੌਰ ਸਿੰਘ ਅਤੇ ਡਾ: ਰਾਜਵਿੰਦਰ ਕੌਰ ਨੇ ਆਪੋ-ਆਪਣੇ ਸੰਬੋਧਨਾਂ ਵਿਚ ਕਿਹਾ ਕਿ ਰੋਜ਼ਾਨਾ ਜੀਵਨ ਵਿਚ ਇਸ ਦੀ ਵਰਤੋਂ ਕਰਕੇ ਗਣਿਤ ਪ੍ਰਤੀ ਝਿਜਕ ਨੂੰ ਦੂਰ ਕੀਤਾ ਜਾ ਸਕਦਾ ਹੈ । ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸ੍ਰੀਨਿਵਾਸ ਰਾਮਾਨੁਜ ਦੇ ਜੀਵਨ ਬਾਰੇ ਵੀ ਦੱਸਿਆ ਅਤੇ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਗਣਿਤ ਵਿੱਚ ਰੁਚੀ ਲੈਣ ਲਈ ਕਿਹਾ। ਮਯੰਕ ਫਾਊਂਡੇਸ਼ਨ ਦੇ ਪ੍ਰਧਾਨ ਡਾ: ਅਨਿਰੁਧ ਗੁਪਤਾ ਨੇ ਸਮਾਜ ਦੇ ਵਿਕਾਸ ਵਿੱਚ ਗਣਿਤ ਦੀ ਭੂਮਿਕਾ ਬਾਰੇ ਦੱਸਿਆ ਅਤੇ ਹਾਜ਼ਰ ਸਰੋਤਿਆਂ ਨੂੰ ਗਣਿਤ ਵਿਸ਼ੇ ਵਿੱਚ ਦਿਲਚਸਪੀ ਲੈਣ ਲਈ ਪ੍ਰੇਰਿਤ ਕੀਤਾ। ਪ੍ਰੋਜੈਕਟ ਕੋਆਰਡੀਨੇਟਰ ਅਸ਼ਵਨੀ ਸ਼ਰਮਾ ਅਤੇ ਡਾ: ਪਰਮਵੀਰ ਸਿੰਘ ਨੇ ਦੱਸਿਆ ਕਿ ਰਾਸ਼ਟਰੀ ਗਣਿਤ ਦਿਵਸ ਦੇ ਮੁਕਾਬਲਿਆਂ ਵਿੱਚ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਸਕੂਲਾਂ ਅਤੇ ਕਾਲਜਾਂ ਦੇ ਲਗਭਗ 300 ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਮੁਕਾਬਲਿਆਂ ਦੇ ਨਤੀਜੇ ਇਸ ਪ੍ਰਕਾਰ ਰਹੇ: ਵਿਦਿਆਰਥੀ-ਅਧਿਆਪਕਾਂ ਵੱਲੋਂ ਟੀਐੱਲਐੱਮ ਦੀ ਪੇਸ਼ਕਾਰੀ ਵਿੱਚ ਅਰਸ਼ਦੀਪ ਕੌਰ ਪਹਿਲੇ, ਮਨਜਿੰਦਰ ਕੌਰ ਦੂਜੇ ਅਤੇ ਦੀਪਤੀ ਤੀਜੇ ਸਥਾਨ 'ਤੇ ਰਹੇ। ਅਧਿਆਪਕਾਂ ਵੱਲੋਂ ਟੀਐੱਲਐੱਮ ਪੇਸ਼ਕਾਰੀ ਵਿੱਚ ਅਜੈ ਕੁਮਾਰ ਪਹਿਲੇ, ਮੋਨਿਕਾ ਦੂਜੇ ਅਤੇ ਆਂਚਲ ਤੀਜੇ ਸਥਾਨ 'ਤੇ ਰਹੇ। ਸਕੂਲੀ ਵਿਦਿਆਰਥੀਆਂ ਵੱਲੋਂ ਗਣਿਤ ਰੰਗੋਲੀ ਵਿੱਚ ਜੋਤੀ ਅਤੇ ਨੇਹਾ ਪਹਿਲੇ, ਸੁਮਨ ਪ੍ਰੀਤ ਕੌਰ ਅਤੇ ਗੁਰਪ੍ਰੀਤ ਕੌਰ ਦੂਜੇ ਅਤੇ ਰਿਤੂ-ਸੋਨੀਆ ਰਾਣੀ ਤੀਜੇ ਸਥਾਨ 'ਤੇ ਰਹੀਆਂ। ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਗਣਿਤ -ਰੰਗੋਲੀ ਵਿੱਚ ਜਸਪ੍ਰੀਤ ਕੌਰ ਤੇ ਕੋਮਲ ਪ੍ਰੀਤ ਕੌਰ ਪਹਿਲੇ, ਸਿਮਰਨਜੀਤ ਕੌਰ ਤੇ ਪੱਲਵੀ ਦੂਜੇ ਅਤੇ ਨੀਤਿਕਾ ਅਰੋੜਾ-ਪੂਜਾ ਤੀਜੇ ਸਥਾਨ 'ਤੇ ਰਹੀਆਂ। ਭਾਸ਼ਣ ਮੁਕਾਬਲੇ ਵਿੱਚ ਦਿਵਿਆ ਪਹਿਲੇ, ਨਵਜੋਤ ਕੌਰ ਦੂਜੇ ਅਤੇ ਨਿਸ਼ਠਾ ਤੀਜੇ ਸਥਾਨ 'ਤੇ ਰਹੇ। ਜੇਤੂਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਸਾਰੇ ਭਾਗੀਦਾਰਾਂ ਨੂੰ ਸਰਟੀਫਿਕੇਟ ਦਿੱਤੇ ਗਏ।

ਇਸ ਪ੍ਰੋਗਰਾਮ ਨੂੰ ਕਾਮਯਾਬ ਬਣਾਉਣ ਵਿੱਚ ਜ਼ਿਲ੍ਹਾ ਗਣਿਤ ਮੈਂਟਰ ਰਾਜੀਵ ਜ਼ਿੰਦਲ ਅਤੇ ਜ਼ਿਲ੍ਹਾ ਸਾਇੰਸ ਮੈਂਟਰ ਉਮੇਸ਼ ਕੁਮਾਰ ਅਤੇ ਟੀਮ, ਦੇਵ ਸਮਾਜ ਸਿੱਖਿਆ ਕਾਲਜ ਦੇ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ਼ ,ਡਾ: ਨਿਸ਼ਾਂਤ ਜੁਨੇਜਾ ਅਤੇ ਮਯੰਕ ਫਾਊਂਡੇਸ਼ਨ ਤੋਂ ਡਾ: ਗ਼ਜ਼ਲ ਪ੍ਰੀਤ ਅਰਨੇਜਾ, ਆਰਤੀ ਸਚਦੇਵਾ, ਰਜਨੀ ਜੱਗਾ , ਕਮਲ ਸ਼ਰਮਾ, ਸੰਦੀਪ ਸਹਿਗਲ, ਦਿਨੇਸ਼ ਚੌਹਾਨ, ਅਰਨੀਸ਼ ਮੋਂਗਾ, ਯੋਗੇਸ਼ ਤਲਵਾਰ, ਗੌਰਵ ਮੁੰਜਾਲ, ਰਾਕੇਸ਼ ਕੁਮਾਰ ਅਤੇ ਦੀਪਕ ਸ਼ਰਮਾ ਨੇ ਯੋਗਦਾਨ ਪਾਇਆ।

# ਹਰਭਜਨ ਸਿੰਘ ਈ ਟੀ ਓ ਦੇ ਮੰਤਰੀ ਬਣਨ ਤੇ ਇਲਾਕੇ ਵਿਚ ਖੁਸ਼ੀ ਦੀ ਲਹਿਰ



**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

- **ਜੰਡਿਆਲਾ ਗੁਰੂ ਦੇ ਜੰਮਪਲ ਅਤੇ ਪਹਿਲੀ ਵਾਰ ਕੈਬਿਨਟ ਮੰਤਰੀ ਬਣ ਕੇ ਜੰਡਿਆਲਾ ਗੁਰੂ ਦਾ ਨਾਮ ਕੀਤਾ ਰੌਸ਼ਨ।**
- **ਲੋਕਾਂ ਦੀਆਂ ਉਮੀਦਾਂ ਤੇ ਖਰਾ ਉੱਤਰ ਕੇ ਸੇਵਾ ਕਰਾਂਗਾ : ਹਰਭਜਨ ਸਿੰਘ**

ਜੰਡਿਆਲਾ ਗੁਰੂ ਦੇ ਜੰਮਪਲ ਆਮ ਆਦਮੀ ਪਾਰਟੀ ਦੇ ਹਰਭਜਨ ਸਿੰਘ ਈ ਟੀ ਓ ਦਾ ਪਹਿਲੀ ਵਾਰ ਕੈਬਿਨਟ ਮੰਤਰੀ ਬਣਨ ਤੇ ਇਲਾਕੇ ਵਿੱਚ ਖੁਸ਼ੀ ਦਾ ਮਾਹੌਲ ਬਣ ਗਿਆ।ਲੋਕਾਂ ਨੂੰ ਜਿਉਂ ਹੀ ਇਸ ਖੁਸ਼ੀ ਭਰੀ ਖ਼ਬਰ ਦਾ ਪਤਾ ਲੱਗਾ ਤਾਂ ਲੋਕ ਹਰਭਜਨ ਸਿੰਘ ਨੂੰ ਵਧਾਈਆਂ ਦੇਣ ਤੁਰ ਪਏ।ਓਹਨਾ ਦੇ ਘਰ ਵਿਆਹ ਵਾਲ਼ਾ ਮਾਹੌਲ ਲਗ ਰਿਹਾ ਸੀ।ਲੋਕਾਂ ਵਲੋ ਢੋਲ ਦੀ ਥਾਪ ਤੇ ਭੰਗੜੇ ਪਾਏ ਜਾ ਰਹੇ ਸਨ

ਇਸ ਮੋਕੇ ਤੇ ਹਰਭਜਨ ਸਿੰਘ ਨੇ ਜੱਗਬਾਣੀ ਨਾਲ ਖੁਸ਼ੀ ਵਾਲੇ ਮੂਡ ਵਿੱਚ ਦੱਸਿਆ ਕਿ ਗੁਰੂ ਮਹਾਰਾਜ ਵੱਡਿਆਂ ਦਾ ਅਸ਼ੀਰਵਾਦ, ਮਾਤਾ ਦਾ ਅਸ਼ੀਰਵਾਦ ਅਤੇ ਲੋਕਾਂ ਵਲੋ ਦਿੱਤੇ ਪਿਆਰ ਨਾਲ ਹੀ ਇਹ ਸਭ ਕੁਝ ਮਿਲਿਆ ਹੈ।ਓਹਨਾ ਨੇ ਇਹ ਵੀ ਕਿਹਾ ਕਿ ਲੋਕਾਂ ਦੀਆਂ ਉਮੀਦਾਂ ਦੇ ਸਹੀ ਉੱਤਰ ਕੇ ਹਲਕੇ ਵਿੱਚ ਵੱਧ ਤੋਂ ਵੱਧ ਵਿਕਾਸ ਕਰਵਾਵਾਂਗਾ। ਪੁੱਛੇ ਸਵਾਲ ਦੇ ਉੱਤਰ ਵਿੱਚ ਓਹਨਾ ਨੇ ਦੱਸਿਆ ਕਿ ਓਹ ਪੋਸਟ ਗ੍ਰੈਜੂਏਸ਼ਨ ਤੋਂ ਬਾਅਦ ਬੀ ਐਡ ਕਰਕੇ ਲੈਕਚਰਾਰ ਦੀ ਸਰਕਾਰੀ ਨੌਕਰੀ ਕੀਤੀ ,ਫਿਰ ਓਹਨਾ ਨੇ ਪੀ ਸੀ ਐਸ ਦਾ ਪਾਸ ਕਰਕੇ ਈ ਟੀ ਉ ਬਣੇ,ਕੁਝ ਸਾਲ ਈ ਟੀ ਓ ਸ਼ਿਪ ਕਰਕੇ ਨੌਕਰੀ ਤੋਂ ਅਸਤੀਫ਼ਾ ਦੇ ਕੇ ਆਮ ਆਦਮੀਂ ਪਾਰਟੀ ਜੁਆਇੰਨ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਪਾਲ ਸਿੰਘ ਚੌਹਾਨ,ਨਰੇਸ਼ ਪਾਠਕ,ਸਰਬਜੀਤ ਸਿੰਘ ਡਿੰਪੀ,ਸਤਨਾਮ ਕਲਸੀ ,ਤੇਜਿੰਦਰ ਸਿੰਘ ਹੈਪੀ,ਜਤਿੰਦਰ ਪਾਲ ਸ਼ਰਮਾ, ਪਰਮਿੰਦਰ ਸਿੰਘ ਜੋਸਨ, ਜੈ ਦੀਪ ਸਿੰਘ,ਅਸ਼ਵਨੀ ਸ਼ਰਮਾ , ਵਿਪਨ ਦੀਪ ਸਿੰਘ, ਦੇਵ ਸ਼ਰਮਾ ,ਰਾਕੇਸ਼ ਕੁਮਾਰ, ਆਤਮਾ ਸਿੰਘ,ਅਜੀਤ ਸਿੰਘ,ਬਾਬਾ ਹਰਪਾਲ ਸਿੰਘ ,ਜਸਪਾਲ ਸ਼ਰਮਾ,ਬੋਧ ਰਾਜ ਜੇਵੈਲਰ, ਦਵਿੰਦਰ ਸਿੰਘ ਭੋਲਾ, ਸਤਵਿੰਦਰ ਸਿੰਘ, ਸਤਿੰਦਰ ਸਿੰਘ, ਪਰਗਟ ਸਿੰਘ,ਕਰਨ ਸ਼ਰਮਾ, ਆਦਿ ਨੇ ਹਰਭਜਨ ਸਿੰਘ ਨੂੰ ਵਧਾਈਆਂ ਦਿੱਤੀਆਂ।

# ਪਿੰਡ ਵਡਾਲੀ ਡੋਗਰਾਂ ਵਿਖੇ ਲੋੜਵੰਦ ਲੋਕਾਂ ਨੂੰ ਕਣਕ ਵੰਡੀ, ਈਟੀਓ ਨੂੰ ਕੈਬਨਿਟ ਮੰਤਰੀ ਬਣਨ ਤੇ ਵਧਾਈਆਂ ਵੀ ਦਿੱਤੀਆਂ




**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਹਲਕਾ ਜੰਡਿਆਲਾ ਗੁਰੂ ਦੇ ਵਿਧਾਇਕ ਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪਿੰਡ ਵਡਾਲੀ ਡੋਗਰਾਂ ਵਿਖੇ ਪਿੰਡ ਦੇ ਆਪ ਆਗੂਆਂ ਨੇ ਲੋੜਵੰਦ ਲੋਕਾਂ ਨੂੰ ਕਣਕ ਵੰਡੀ । ਇਸ ਮੌਕੇ ਤੇ ਆਪ ਆਗੂ ਜਗਰੂਪ ਸਿੰਘ ਤੇ ਉਹਨਾਂ ਦੇ ਸਾਥੀਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਪਿੰਡ ਦੇ ਵਿਕਾਸ ਕਾਰਜ਼ ਬਿਨਾਂ ਕਿਸੇ ਭੇਦ-ਭਾਵ ਤੇ ਪਾਰਟੀ ਬਾਜੀ ਤੋਂ ਉੱਪਰ ਉੱਠ ਕੇ ਕੀਤੇ ਜਾਣਗੇ । ਹੋਰਨਾਂ ਤੋਂ ਇਲਾਵਾ ? ?ਇਸ ਮੌਕੇ ਤੇ ਆਪ ਆਗੂ ਜਗਰੂਪ ਸਿੰਘ, ਕੁਲਵੰਤ ਸਿੰਘ ਫ਼ੌਜੀ, ਸੁਖਬੀਰ ਸਿੰਘ, ਗੁਰਜੀਤ ਸਿੰਘ, ਸਾਹਿਬ ਸਿੰਘ, ਸੁਖਦੇਵ ਸਿੰਘ, ਬਲਕਾਰ ਸਿੰਘ, ਅਮਨਦੀਪ ਸਿੰਘ, ਬਿਕਰਮਜੀਤ ਸਿੰਘ, ਰਣਜੀਤ ਸਿੰਘ, ਗੁਰਪ੍ਰੀਤ ਸਿੰਘ, ਡੀਪੂ ਹੋਲਡਰ ਪ੍ਰੇਮ ਸਿੰਘ ਤੇ ਪਿੰਡ ਦੀਆਂ ਹੋਰ ਵੀ ਕਈ ਨਾਮਵਰ ਸ਼ਖਸੀਅਤਾਂ ਹਾਜ਼ਰ ਸਨ । ਇਸ ਮੌਕੇ ਤੇ ਆਪ ਆਗੂਆਂ ਨੇ ਹਰਭਜਨ ਸਿੰਘ ਈਟੀਓ ਨੂੰ ਕੈਬਨਿਟ ਮੰਤਰੀ ਬਣਨ ਤੇ ਵਧਾਈਆਂ ਵੀ ਦਿੱਤੀਆਂ ।

# ਨੰਬਰ ਜਾਰੀ ਕਰਨੇ ਤਾਂ ਸੁਖਬੀਰ ਬਾਦਲ ਦੀ ਰਵਾਇਤ ਰਹੀ ਆ ਪਰ ਮੁੱਖ ਮੰਤਰੀ ਜੀ ਪੰਜਾਬ ਪੂਰਨ ਰਾਜ ਹੈ ਗੱਲ ਹੁਣ ਬਦਲਾਅ ਦੇ ਨਾਲ ਮਜ਼ਬੂਤ 'ਲੋਕਪਾਲ ਬਿੱਲ' ਦੀ ਕਰੋ : ਯੁੱਧਬੀਰ ਮਾਲਟੂ

**ਬਟਾਲਾ/ਸੁਖਨਾਮ ਸਿੰਘ**



ਗੱਲ ਭ੍ਰਿਸ਼ਟਾਚਾਰ ਖ਼ਿਲਾਫ਼ ਲੋਕਪਾਲ ਬਿੱਲ ਦੀ ਕਰੋ ਮੁੱਖ ਮੰਤਰੀ ਜੀ ਐਵੇਂ ਆਹ ਨੰਬਰ ਜ਼ਾਰੀ ਕਰਕੇ ਜਨਤਾ ਵਲੋਂ ਨਕਾਰੇ ਆਗੂ ਸੁਖਬੀਰ ਸਿੰਘ ਬਾਦਲ ਵਰਗਿਆਂ ਦੀ ਰਵਾਇਤ ਨਾ ਅਪਣਾਉ । ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਬਟਾਲਾ ਦੇ ਚਰਚਿਤ ਨੌਜਵਾਨ ਆਗੂ ਯੁੱਧਬੀਰ ਸਿੰਘ ਮਾਲਟੂ ਵਲੋਂ ਜਿੱਥੇ ਪੰਜਾਬ ਦੇ ਨਵੇਂ ਬਣੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਪਣਾ ਬਿਆਨ ਜਾਰੀ ਕਰਦਿਆਂ ਵਧਾਈਆਂ ਦਿੱਤੀਆਂ ਉਥੇ ਹੀ ਉਨ੍ਹਾਂ ਆਮ ਆਦਮੀ ਪਾਰਟੀ ਨੂੰ ਆਪਣੇ ਨਿਸ਼ਾਨੇ @ਤੇ ਰੱਖਦਿਆਂ ਕਿਹਾ ਕਿ ਆਪ ਪਾਰਟੀ ਹੀ ਆਪਣੇ ਸੰਘਰਸ਼ਮਈ ਦਿਨਾਂ ਵਿੱਚ ਕਿਹਾ ਕਰਦੀ ਸੀ ਕਿ ਲੋਕਪਾਲ ਬਿੱਲ ਮਜ਼ਬੂਤ ਲੋਕਤੰਤਰ ਦੀ ਪਰੰਪਰਾ ਹੋਵੇਗਾ ਪਰ ਹੁਣ ਜਦ ਇਹ ਪਾਰਟੀ ਸੱਤਾ ਵਿਚ ਆਈ ਹੈ ਤਾਂ ਭ੍ਰਿਸ਼ਟਾਚਾਰ ਖ਼ਿਲਾਫ਼ ਨੰਬਰ ਜਾਰੀ ਕਰਕੇ ਰਵਾਇਤੀ ਢੰਗ ਅਪਣਾ ਕੇ ਉਸੇ ਰਾਹ ਤੁਰ ਪਏ ਜਿਸ ਰਾਹ ਨੂੰ ਇਹ ਭੰਡ ਭੰਡ ਕੇ ਸੱਤਾ ਦੀ ਕੁਰਸੀ ਤੱਕ ਪਹੁੰਚੀ ਹੈ । ਸੋ ਮੁੱਖ ਮੰਤਰੀ ਜੀ ਪੰਜਾਬ ਅਤੇ ਪੰਜਾਬੀਆਂ ਨੂੰ ਪੂਰਨ ਭਰੋਸਾ ਦਿਓ ਕਿ ਇਸ ਵਰ੍ਹੇ ਦੇ ਪਹਿਲੇ ਵਿਧਾਨ ਸਭਾ ਸ਼ੈਸ਼ਨ ਵਿੱਚ ਤੁਸੀਂ ਅਤੇ ਤੁਹਾਡੇ ਵਿਧਾਨਕਾਰ ਭ੍ਰਿਸ਼ਟਾਚਾਰ ਖ਼ਿਲਾਫ਼ ਬਿੱਲ ਪੇਸ਼ ਕਰਕੇ ਮਜ਼ਬੂਤ ਲੋਕਪਾਲ ਬਿੱਲ ਪਾਸ ਕਰਣਗੇ ਕਿਉਂਕਿ ਪੰਜਾਬ ਵਿਧਾਨਸਭਾ ਵਿੱਚ ਨਾ ਤਾਂ ਕੇਂਦਰ ਦੀ ਕੋਈ ਸਿੱਧੀ-ਅਸਿੱਧੀ ਦਖਲਅੰਦਾਜ਼ੀ ਰਹੀ ਹੈ ਨਾ ਐਲ.ਜੀ ਦੀ ਕੋਈ ਰੋਕ ਟੋਕ ਬਲਕਿ ਪੰਜਾਬ ਇੱਕ ਪੂਰਨ ਰਾਜ ਹੈ ਅਤੇ ਤੁਸੀਂ ਪੂਰਨ ਰਾਜ ਦੇ 80% ਵਿਧਾਨਕ ਬਹੁਮੱਤ ਹਾਸਿਲ ਮਾਣਯੋਗ ਮੁੱਖ ਮੰਤਰੀ । ਇਸਦੇ ਨਾਲ ਹੀ ਮੈਂ ਆਸ ਕਰਦਾ ਹਾਂ ਵਿਰੋਧੀ ਧਿਰਾਂ ਕਾਂਗਰਸ, ਬਸਪਾ ਅਤੇ ਅਕਾਲੀ ਦਲ ਵੀ ਇਸ ਬਿੱਲ ਦਾ ਸਮਰਥਨ ਕਰਦੇ ਹੋਏ ਬਦਲਾਅ ਦੀ ਝਲਕ ਪੰਜਾਬ ਵਿੱਚ ਯਕੀਨੀ ਬਣਾਉਣਗੇ ।

# ਗੁਰਦਾਸਪੁਰ ਦੇ ਪਿੰਡ ਜ਼ਫ਼ਰਵਾਲ ਵਿੱਚ ਚੋਰਾਂ ਨੇ ਇਕ ਘਰ ਵਿਚੋਂ 16 ਤੋਲੇ ਸੋਨਾ ਅਤੇ 3 ਲੱਖ ਦੀ ਨਗਦੀ ਕੀਤੀ ਚੋਰੀ ਪਰਿਵਾਰ ਗਿਆ ਸੀ ਰਿਸ਼ਤੇਦਾਰਾਂ ਕੋਲ

**ਗੁਰਦਾਸਪੁਰ/ਸੁਖਨਾਮ ਸਿੰਘ**



ਪਿੰਡ ਜਫ਼ਰਵਾਲ ਵਿੱਚ ਦੇਰ ਰਾਤ ਚੋਰਾਂ ਨੇ ਇਕ ਘਰ ਨੂੰ ਨਿਸ਼ਾਨਾ ਬਣਾਇਆ ਅਤੇ ਘਰ ਦੇ ਤਾਲੇ ਤੋੜ ? ਕੇ 16 ਤੋਲੇ ਦੇ ਕਰੀਬ ਸੋਨਾ ਅਤੇ 3 ਲੱਖ ਰੁਪਏ ਦੀ ਨਕਦੀ ਚੋਰੀ ਕਰ ਹੋਏ ਫਰਾਰ,,,ਪਰਿਵਾਰ ਗਿਆ ਸੀ ਆਪਣੇ ਰਿਸ਼ਤੇਦਾਰਾਂ ਕੋਲ ਉਹਨਾਂ ਦੇ ਪਿੱਛੋਂ ਰਾਤ ਨੂੰ ਦਿੱਤਾ ਚੋਰਾਂ ਨੇ ਘਟਨਾ ਨੂੰ ਅੰਜਾਮ,,ਪੁਲਿਸ ਕਰ ਰਹੀ ਹੈ ਜਾਂਚ

.ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪਰਿਵਾਰਕ ਮੈਂਬਰ ਨੇ ਦੱਸਿਆ ਕਿ ਉਹ ਆਪਣੇ ਪੇਕੇ ਘਰ ਖੁਸ਼ੀ ਦੇ ਪ੍ਰੋਗਰਾਮ ਉੱਤੇ ਗਏ ਹੋਏ ਸਨ ਅਤੇ ਸਵੇਰੇ ਜਦ ਕੰਮ ਵਾਲੀ ਆਈ ਤਾਂ ਉਸਨੇ ਨਾਲ ਲਗਦੇ ਗੁਆਂਢੀਆਂ ਨੂੰ ਦੱਸਿਆ ਕਿ ਘਰ ਦੇ ਟਾਲੇ ਟੁੱਟੇ ਹੋਏ ਹਨ ਅਤੇ ਗੁਆਂਢੀ ਆ ਨੇ ਬੇਟੇ ਨੂੰ ਫੋਨ ਕਰਕੇ ਦੱਸਿਆ ਅਤੇ ਜਦ ਆਕੇ ਦੇਖਿਆ ਤਾਂ ਚੋਰਾਂ ਨੇ ਘਰ ਪੂਰੀ ਤਰਾਂ ਸਾਫ ਕਰ ਦਿੱਤਾ ਹੋਇਆ ਸੀ, ਘਰ ਦੇ ਤਾਲੇ ਤੋੜ ? ਕੇ 16 ਤੋਲੇ ਦੇ ਕਰੀਬ ਸੋਨਾ ਅਤੇ 3 ਲੱਖ ਦੀ ਨਗਦੀ ਚੋਰੀ ਕਰ ਲਈ ਅਤੇ ਮੌਕੇ ਤੋਂ ਫ਼ਰਾਰ ਹੋ ਗਏ । ਉਨ੍ਹਾਂ ਪੁਲੀਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਫਿੰਗਰ ਪ੍ਰਿੰਟ ਸਪੈਸ਼ਲਿਸਟ ਨੂੰ ਮੌਕਾ ਦਿਖਾਇਆ ਜਾਵੇ ਅਤੇ ਚੋਰਾਂ ਨੂੰ ਲੱਭ ਕੇ ਇਨ੍ਹਾਂ ਦੇ ਖਿਲਾਫ ਬਣਦੀ ਸਖ਼ਤ ਕਾਰਵਾਈ ਕੀਤੀ ਜਾਵੇ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਪੀਡ ?ਤ ਪਰਿਵਾਰਕ ਮੈਂਬਰਾਂ ਵੱਲੋਂ ਬਿਆਨ ਦਰਜ ਕਰਵਾਏ ਗਏ ਹਨ ਕਿ ਉਨ੍ਹਾਂ ਦੇ ਘਰ ਦੇਰ ਰਾਤ ਚੋਰਾਂ ਨੇ ਚੋਰੀ ਕੀਤੀ ਹੈ ਇਸ ਮਾਮਲੇ ਵਿੱਚ ਬਿਆਨ ਦਰਜ ਕਰਨ ਤੋਂ ਬਾਅਦ ਅਗਲੀ ਬਣਦੀ ਕਾਰਵਾਈ ਕੀਤੀ ਜਾਵੇਗੀ ।